Poonam Shodh Rachna (ISSN 2456-5563)
(A multidisciplinary, peer reviewed and refereed Journal)
Vol.1, Issue.VII, September 2022, Pc : PSR-2209025
Special Issue of National Conference on Humanity and Social Sciences 2022

# ਵਾਰਿਸ ਸ਼ਾਹ ਦੀ ਹੀਰ ਵਿਚ ਆਏ ਮੁੱਖ ਪਾਤਰ

ਸਾਰਜ, ਪੰਜਾਬੀ ਰਿਸਰਚ ਸਕਾਲਰ, ਸੀਟੀ ਯੂਨੀਵਰਸਿਟੀ, ਲੁਧਿਆਣਾ, ਪੰਜਾਬ
ਡਾ.ਲਖਵਿੰਦਰ ਸਿੰਘ, ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
ਸੀਟੀ ਯੂਨੀਵਰਸਿਟੀ, ਲੁਧਿਆਣਾ, ਪੰਜਾਬ

## ਵਾਰਿਸ ਸ਼ਾਹ ਦੀ ਹੀਰ ਵਿਚ ਆਏ ਮੁੱਖ ਪਾਤਰ

**ਭੂਮਿਕਾ**

ਹੀਰ ਵਾਰਿਸ ਪੰਜਾਬੀ ਸਾਹਿਤ ਵਿਚ ਮਹਾਂਕਾਵਿ ਦਾ ਦਰਜਾ ਰੱਖਦੀ ਹੈ ਅਤੇ ਕਿੱਸਾ ਕਾਵਿ ਵਿਚ ਇਸ ਨੂੰ ਸਰਵ ਸ੍ਰੇਸ਼ਟ ਸਥਾਨ ਪ੍ਰਾਪਤ ਹੈ। ਅਨੇਕਾਂ ਕਿੱਸਾਕਾਰਾਂ ਨੇ ਇਕ ਤੋਂ ਵੱਧ ਕਿੱਸੇ ਲਿਖੇ, ਪਰ ਵਾਰਿਸ਼ ਸ਼ਾਹ ਨੇ ਕੇਵਲ ਹੀਰ ਦਾ ਕਿੱਸਾ ਲਿਖ ਕੇ ਸ਼ਰੋਮਣੀ ਕਿੱਸਾਕਾਰ ਦਾ ਪਦ ਗ੍ਰਹਿਣ ਕਰ ਲਿਆ।

'ਵਰਿਸ਼ ਸ਼ਾਹ ਦੇ ਪਿਤਾ ਦਾ ਨਾਮ ਸੱਯਦ ਕੁਤਬ ਸ਼ਾਹ ਅਤੇ ਪਿੰਡ ਜੰਡਿਆਲਾ ਸ਼ੇਰ ਖਾਂ ਜਿਲ੍ਹਾ ਗੁਜਰਾਂਵਾਲਾ ਦੇ ਰਹਿਣ ਵਾਲੇ ਸਨ। ਹੁਣ ਇਹ ਪਿੰਡ ਜਿਲ੍ਹਾ ਸ਼ੇਖੂਪੁਰਾ ਵਿਚ ਪੈਂਦਾ ਹੈ।'[1]

ਵਾਰਿਸ ਸ਼ਾਹ ਆਪਣੇ ਪਿਤਾ ਦਾ ਨਾਮ ਆਪਣੀ ਇਕ ਤੁੱਕ ਵਿਚ ਦੱਸਦੇ ਹਨ

ਬਿਨਾਂ ਅਮਲ ਦੇ ਨਹੀਂ ਨਜਾਤ ਤੇਰੀ
ਪਿਆ ਮਰੇਂਗਾ ਕੁਤਬ ਦਿਆ ਬੇਟਿਆ ਓ।

ਵਾਰਿਸ ਸ਼ਾਹ ਦੀ ਜਨਮਭੂਮੀ ਸਬੰਧੀ ਕਈ ਤਰ੍ਹਾਂ ਦੇ ਮਤਭੇਦ ਹਨ। ਬਾਵਾ ਬੁੱਧ ਜੀ ਉਹਨਾਂ ਦੀ ਜਨਮਭੂਮੀ ਡੱਬੀ ਪੁਰਾ ਦੱਸਦੇ ਹਨਕਿਉਂਕਿ ਦੋ ਕੁ ਥਾਵਾਂ 'ਤੇ ਵਾਰਿਸ ਸ਼ਾਹ ਨੇ ਡੱਬੀ ਪੁਰੇ ਦਾ ਜ਼ਿਕਰ ਕੀਤਾ ਹੈ। ਇਸ ਡੱਬੀ ਪੁਰੇ ਦੀ ਕਥਾ ਨੂੰ ਸ.ਸ. ਅਮੋਲ ਨੇ ਆਪ ਡੱਬੀ ਪੁਰੇ ਜਾ ਕੇ ਉਥੋਂ ਦੇ ਬਜੁਰਗਾਂ ਤੋਂ ਪਤਾ ਕਰਕੇ ਗਲਤ ਸਿੱਧ ਕੀਤਾ ਹੈ।

ਵਾਰਿਸ ਸ਼ਾਹ ਦੀ ਜਨਮ ਮਿਤੀ ਬਾਰੇ ਵੀ ਕਈ ਤਰ੍ਹਾਂ ਦੇ ਮਤਭੇਦ ਪਾਏ ਜਾਂਦੇ ਹਨ ਪਰ ਬਾਵਾ ਬੁੱਧ ਸਿੰਘ (ਬੰਬੀਹਾ ਬੋਲ) ਅਤੇ ਡਾ. ਜੀਤ ਸਿੰਘ ਸ਼ੀਤਲ (ਭੂਮਿਕਾ: ਹੀਰ ਵਾਰਿਸ ਸ਼ਾਹ) ਦੁਆਰਾ ਦਿੱਤੇ ਗਏ ਇਤਿਹਾਸਕ ਪ੍ਰਮਾਣਾਂ ਦੇ ਆਧਾਰ ਉੱਤੇ ਵਾਰਿਸ ਸ਼ਾਹ ਦਾ ਜਨਮ 1720 ਈ. ਨੂੰ ਹੋਇਆ ਮੰਨਿਆ ਜਾਂਦਾ ਹੈ। ਵਾਰਿਸ ਸ਼ਾਹ ਦੀ ਇਕੋ ਇਕ ਰਚਨਾ ਕਿੱਸਾ ਹੀਰ ਮਿਲਦੀ ਹੈ। ਜਿਸਨੂੰ ਉਸਨੇ ਆਪਣੀ ਢਲਦੀ ਜਵਾਨੀ ( 1766 ਈ. ਪਿੰਡ ਖਰਲ ਹਾਂਸ, ਪੰਜਾਬ ਪਾਕਿਸਤਾਨ) ਵਿਚ ਸੰਪੂਰਨ ਕੀਤਾ ਸੀ। ਇਸ ਰਚਨਾ ਦੇ ਲਿਖਣ ਬਾਰੇ ਵਾਰਿਸ ਸ਼ਾਹ ਆਪ ਲਿਖਦਾ ਹੈ

'ਸੰਨ ਯਾਰਾਂ ਸੈ ਅਸੀਆ ਨਬੀ ਹਿਜ਼ਰਤ,ਲੰਮੇ ਦੇਸ਼ ਦੇ ਵਿਚ ਤਿਆਰ ਹੋਈ।
ਅਠਾਰਾਂ ਸੈ ਤੇ ਬਾਈ ਸੀ ਰਾਇ ਬਿਕਰਮ,ਜ਼ਿਮੀਦਾਰ ਨੂੰ ਬੜੀ ਬਹਾਰ ਹੋਈ।'[2]

ਉਪਰੋਕਤ ਸਤਰਾਂ ਦੇ ਹਿਸਾਬ ਨਾਲ ਵਾਰਿਸ ਸ਼ਾਹ ਨੇ 1766 ਈਸਵੀ (1823 ਬਿਕਰਮੀ) ਵਿਚ ਹੀਰ ਰਾਂਝਾ ਦਾ ਕਿੱਸਾ ਰਚਿਆ। ਇਹ ਕਿੱਸਾ ਜੋ ਪੰਜਾਬੀ ਸਾਹਿਤ ਵਿਚ ਅਮਰ ਰਚਨਾ ਸਥਾਨ ਪ੍ਰਾਪਤ ਕਰ ਗਿਆ ਹੈ, ਵਾਰਿਸ ਸ਼ਾਹ ਦੀ ਜਵਾਨ ਉਮਰ ਦੀ ਦੇਣ ਨਹੀਂ ਹੋ ਸਕਦਾ। ਵਾਰਿਸ ਸ਼ਾਹ ਨੇ ਡੂੰਘੀ ਨੀਝ ਨਾਲ ਸਮੇਂ ਦੇ ਹਾਲਾਤਾਂ ਨੂੰ ਚਿਤਰਿਆ ਹੈ, ਪਾਤਰ-ਉਸਾਰੀ ਕੀਤੀ ਹੈ ਅਤੇ ਅਖੀਰ'ਤੇ ਜੋ ਇਕ ਰਹੱਸਵਾਦੀ ਰੰਗਣ ਦਿੱਤੀ ਹੈ ਉਹ ਛੋਟੀ ਉਮਰ ਦੀ ਦੇਣ ਨਹੀਂ ਹੋ ਸਕਦੀ।

ਕਿੱਸਾ ਹੀਰ ਦੀ ਅਸਲ ਕਹਾਣੀ ਪੰਦਰ੍ਹਵੀਂ ਸਦੀ ਦੇ ਆਰੰਭ ਵਿਚ ਅਰਥਾਤ 1402 ਈ. ਹੀਰ ਦੇ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ 1452 ਈ. (ਹੀਰ ਦੀ ਮੌਤ) ਵਿਚ ਪੰਜਾਬ ਵਿਚੋਂ ਇਹ ਅਲੋਪ ਹੋ ਗਈ। ਵਾਰਿਸ ਸ਼ਾਹ ਨੇ ਇਸ ਕਿੱਸੇ ਦਾ ਅੰਤ ਆਦਰਸ਼ਵਾਦੀ ਦੁਖਾਂਤ ਬਣਾਇਆ ਹੈ।

ਵਾਰਿਸ ਸ਼ਾਹ ਦੇ ਕਿੱਸੇ ਹੀਰ ਦੀ ਸਭ ਤੋਂ ਵੱਡੀ ਵਿਸ਼ੇਸਤਾ ਇਹ ਹੈ ਕਿ ਉਸਨੇ ਆਪਣੇ ਸਮਕਾਲੀ ਸਮਾਜ ਦੇ ਇਤਿਹਾਸ ਨੂੰ ਚਿਤ੍ਰਣ ਵੱਲ ਚੋਖਾ ਧਿਆਨ ਦਿੱਤਾ,ਭਾਵੇਂਲਾਂਕਿ ਉਸ ਦੇ ਇਸ ਅੰਸ਼ ਕਾਰਣ ਉਸ ਉੱਤੇ ਬੇਲੋੜੇ ਵਿਸਤਾਰ ਦਾ ਆਰੋਪ ਵੀ ਲਗਾਇਆ ਜਾਂਦਾ ਹੈ। ਵਾਰਿਸ ਸ਼ਾਹ ਦਾ ਸਮਾਂ ਦਮੋਦਰ ਦੇ ਸਮੇਂ ਵਰਗਾ ਨਹੀਂ ਸੀ।ਔਰੰਗਜੇਬ ਦੀ ਮੌਤ ਤੋਂ ਬਾਅਦ ਮੁਗ਼ਲ ਰਾਜ ਖੇਰੂੰ-ਖੇਰੂੰ ਹੋ ਰਿਹਾ ਸੀ। ਉਸ ਵਕਤ ਖ਼ਾਸ ਕਰਕੇ ਪੰਜਾਬ ਤਾਂ ਰਾਜਨੀਤਕ ਹਨ੍ਹੇਰੀਆਂ ਅਤੇ ਤੁਫ਼ਾਨਾਂ ਵਿਚ ਘਿਰਿਆ ਹੋਇਆ ਸੀ। ਸਿੱਖਾਂ ਦੀਆਂ ਮਿਸਲਾਂ ਦੇ ਦਲ ਥਾਂ-ਥਾਂ ਮਾਰੋ ਮਾਰ ਕਰਦੇ ਨਿੱਕੇ-ਨਿੱਕੇ ਰਜਵਾੜੇ ਕਾਇਮ ਕਰ ਰਹੇ ਸਨ। ਫਰੁਖ਼ਸੀਅਰ ਵਰਗੇ ਬਾਦਸ਼ਾਹਾਂ ਦੇ ਹੁਕਮ ਹੇਠ ਸਿੱਖ ਇੰਨੀਆਂ ਸਖ਼ਤੀਆਂ ਸਹਾਰ ਚੁੱਕੇ ਸਨ ਕਿ ਹੁਣ ਉਹ, ਇਕ ਤੇ ਪੁਰਾਣੇ ਬਦਲੇ ਲੈ ਰਹੇ ਸਨ ਅਤੇ ਦੂਜਾ ਸਿੱਖ ਰਾਜ ਦੇ ਸੁਪਨੇ ਲੈ ਰਹੇ ਸਨ। ਉਸ ਵਕਤ ਜਾਗੀਰਦਾਰੀ ਢਾਂਚੇ ਵਿਚ ਖ਼ੂਨ ਜਾਂ ਧਰਮ ਦੀ ਸਾਂਝ ਵਾਲੀ ਕੰਧ ਵੀ

ਖੁਰ ਜਾਂਦੀ ਹੈ। ਅਜਿਹੇ ਸਮੇਂ ਮੁਸਲਮਾਨ ਲੋਕ ਆਮ ਤੌਰ 'ਤੇ ਅਸੰਤੁਸ਼ਟ ਸਨ, ਸਿੱਖਾਂ ਨਾਲ ਉਹਨਾਂ ਦੀ ਕੋਈ ਹਮਦਰਦੀ ਨਹੀਂ ਸੀ, ਕਿਉਂਕਿ ਢਹਿ ਰਹੇ ਮੁਗ਼ਲ ਸਾਮਰਾਜ ਵਿਚ ਉਨ੍ਹਾਂ ਨੇ ਸੁੱਖ ਮਾਣੇ ਸਨ। ਉਸ ਵਕਤ ਪੰਜਾਬ ਜੰਗਾਂ ਦਾ ਮੈਦਾਨ ਬਣ ਚੁੱਕਾ ਸੀ।ਆਪਸੀ ਭਾਈਚਾਰੇ ਦੀਆਂ ਸਾਂਝਾ ਮਿਟ ਗਈਆਂ ਸਨ।

ਪੰਜਾਬ ਦੀ ਇਸ ਅਰਾਜਕਤਾ ਨੇ ਕਵੀ ਵਾਰਿਸ ਸ਼ਾਹ ਨੂੰ ਵੀ ਬਹੁਤ ਪਰੇਸ਼ਾਨ ਕੀਤਾ। ਇਸੇ ਕਾਰਣ ਹੀ ਵਾਰਿਸ ਸ਼ਾਹ ਨੇ ਪੂਰਵ-ਕਥਿਤ ਕਾਵ-ਟੋਟਿਆਂ ਨੂੰ ਜੋੜ ਕੇ ਕਿੱਸਾ ਹੀਰ ਰਾਹੀਂ ਸਮੇਂ ਦੀ ਤਸਵੀਰ ਨੂੰ ਉਲੀਕਿਆ। ਵਾਰਿਸ ਸ਼ਾਹ ਚਾਹੁੰਦਾ ਸੀ ਕਿ ਇਸ ਸਮਾਜ ਦੇ ਪ੍ਰਚੱਲਿਤ ਬੁਰੇ ਰੀਤੀ-ਰਿਵਾਜਾਂ ਅਤੇ ਸਮਾਜਕ ਬਣਤਰ ਨੂੰ ਪੂਰੀ ਦੂਨੀਆਂ ਸਾਹਮਣੇ ਲਿਆਂਦਾ ਜਾਵੇ ਇਸੇ ਕਾਰਨ ਕਿੱਸਾ ਹੀਰ ਦੀ ਰਚਨਾ ਕੀਤੀ ਵਾਰਿਸ ਸ਼ਾਹ ਕਿੱਸੇ ਹੀਰ ਦਾ

ਮੁੱਢਲਾ ਆਧਾਰ ਇਸ਼ਕ ਨੂੰ ਬਣਾਉਂਦਾ ਹੋਇਆ ਇਸ਼ਕ ਨੂੰ ਦੁਖਾਂਤ ਰੂਪ ਵਿਚ ਪੇਸ਼ ਕਰਦਾ ਹੈ। ਅਸਲ ਵਿਚ ਰਜਵਾੜਾ ਸਮਾਜ ਵਿਚ ਇਸ਼ਕ ਹੁੰਦਾ ਹੀ ਦੁਖਾਂਤ ਸੀ।

ਇਸ ਇਸ਼ਕ ਦੇ ਦੁਖਾਂਤ ਨੂੰ ਪੇਸ਼ ਕਰਨ ਲਈ ਵਾਰਿਸ ਸ਼ਾਹ ਮੱਧਕਾਲੀ ਜਾਗੀਰਦਾਰੀ ਢਾਂਚੇ ਵਿਚੋਂ ਬਹੁਤ ਸੋਹਣੇ ਪਾਤਰ ਲੈਂਦਾ ਹੈ। ਵਾਰਿਸ ਆਪਣੀ ਰਚਨਾ ਹੀਰ ਵਿਚ ਹੀਰ ਰਾਂਝਾ, ਚੂਚਕ, ਮਲਕੀ, ਮੌਜੂ, ਰਾਂਝੇ ਦੇ ਭਰਾ ਅਤੇ ਭਰਜਾਈਆਂ, ਕੈਦੋ, ਸਹਿਤੀ, ਸੈਦਾ, ਜੋਗੀ, ਕਾਜ਼ੀ, ਹੀਰ ਦੀ ਸੱਸ, ਹੀਰ ਦਾ ਸਹੁਰਾ (ਅੱਜੂ), ਮੁਰਾਦ, ਰਾਜਾ ਅਦਲੀ ਪਾਤਰਾਂ ਨੂੰ ਮੁੱਖ ਰੂਪ ਵਿਚ ਪੇਸ਼ ਕਰਦਾ ਹੈ। ਇਹਨਾਂ ਪਾਤਰਾਂ ਨੂੰ ਆਧਾਰ ਬਣਾ ਕੇ ਵਾਰਿਸ ਸ਼ਾਹ ਨੇ ਮੱਧਕਾਲੀ ਪੰਜਾਬ ਦੀ ਅਸਲ ਤਸਵੀਰ ਨੂੰ ਦੁਨੀਆਂ ਸਾਹਮਣੇ ਲਿਆਂਦਾ ਹੈ। ਇਹ ਪਾਤਰ ਵੱਖ-ਵੱਖ ਧਰਮਾਂ, ਕਬੀਲਿਆਂ ਅਤੇ ਸਥਾਨਾਂ ਨਾਲ ਸਬੰਧ ਰੱਖਦੇ ਹਨ। ਇਹ ਪਾਤਰ ਸਾਡੇ ਸਾਹਮਣੇ ਆਪਣਾ ਜੀਵਨ ਉਜਾਗਰ ਕਰਦੇ ਹੋਏ ਅਸਲ ਵਿਚ ਸਾਡੇ ਜੀਵਨ ਦੇ ਅਤੀਤ ਨੂੰ ਉਘੇੜਦੇ ਅਤੇ ਭਵਿੱਖ ਦਾ ਨਿਰਮਾਣ ਕਰਦੇ ਹਨ।

'ਵਾਰਿਸ ਸ਼ਾਹ ਨੂੰ ਇਸ ਗੱਲ ਦਾ ਅਹਿਸਾਸ ਵੀ ਹੋ ਗਿਆ ਕਿ ਜੇ ਇਹ ਨਿਰੇ ਪ੍ਰੀਤ ਪਾਤਰ ਹੀ ਰਹੇ ਤਾਂ ਸ਼ਾਇਦ ਕਿਸੇ ਆਗਾਮੀ ਸਮਾਜ ਵਿਚ ਇਹ ਫਿਰ ਤ੍ਰਿਸਕਾਰੇ ਜਾਣਗੇ ਉਸਨੇ ਇਨ੍ਹਾਂ ਪਾਤਰਾਂ ਨੂੰ ਇਕ ਰੂਹਾਨੀ ਰੂਪਕ ਵੀ ਦੇ ਦਿੱਤਾ'[3]

ਹੀਰ ਰੂਹ ਤੇ ਚਾਕ ਕਲਬੂਤ ਜਾਵੇ

ਭਾਵ ਹੀਰ ਰੂਹ ਅਤੇ ਰਾਂਝਾ ਇਕ ਜਿਸਮ ਹੈ। ਵਾਰਿਸ ਇਹਨਾਂ ਪਾਤਰਾਂ ਨੂੰ ਵੱਖ-ਵੱਖ ਰੂਪਾਂ ਨਾਲ ਜੋੜ ਕੇ ਪੇਸ਼ ਕਰਦਾ ਹੈ ਜਿਵੇਂ: ਹੀਰ ਇਕ ਰੂਹ ਹੈ ਅਤੇ ਰਾਂਝਾ ਜਿਸਮ ਹੈ। ਇਸ ਤੋਂ ਇਲਾਵਾ ਹੀਰ ਦੇ ਮਾਤਾ ਪਿਤਾ (ਚੂਚਕ ਤੇ ਮਲਕੀ) ਧਰਮ ਦੀ ਬੁਨਿਆਦ ਹਨ।ਕਾਜ਼ੀ ਇਸਲਾਮੀ ਧਰਮ ਨੂੰ ਬਦਨਾਮ ਕਰਦਾ ਹੈ। ਸਹਿਤੀ ਸਹਿ-ਨਾਇਕਾ ਹੈ।ਸੈਦਾ ਅਤੇ ਸੈਦੇ ਦਾ ਪਿਤਾ ਧਰਮ ਦੀ ਬੁਨਿਆਦ ਵਿਚ ਬੱਝੇ ਭਲੇ ਪੁਰਸ਼ ਹਨ। ਰਾਜਾ ਅਦਲੀ ਇਨਸਾਫ਼ ਦੀ ਤੱਕੜੀ ਹੈ ਉਹ ਸੱਚ ਨਾਲ ਖੜ੍ਹਦਾ ਹੈ। ਜੋਗੀ (ਬਾਲ ਨਾਥ) ਇਹ ਵੀ ਖ਼ੁਦਾ ਦਾ ਨੇਕ ਬੰਦਾ ਹੈ ਇਸ ਤੋਂ ਇਲਾਵਾ ਹੀਰ ਦੀ ਸੱਸ, ਰਾਂਝੇ ਦੀਆਂ ਭਰਜਾਈਆਂ ਅਤੇ ਭਰਾ, ਮੁਰਾਦ ਆਦਿ ਇਹ ਸਭ ਪਾਤਰ ਮੱਧਕਾਲੀ ਪੰਜਾਬ ਦੀ ਅਸਲ ਤਸਵੀਰ ਨੂੰ ਚਿਤਰਣ ਵਿਚ ਬਹੁਤ ਸਫ਼ਲ ਹੋਏ ਹਨ। ਵਾਰਿਸ ਦੀ ਹੀਰ ਵਿਚਲੇ ਪਾਤਰਾਂ ਦਾ ਵੇਰਵਾ ਇਸ ਪ੍ਰਕਾਰ ਹੈ

**ਰਾਂਝਾ**

ਵਾਰਿਸ ਦੀ ਰਚਨਾ ਹੀਰ ਦਾ ਨਾਇਕ ਰਾਂਝਾ ਹੈ। ਰਾਂਝੇ ਦੇ ਕਿਰਦਾਰ ਨੇ ਪੰਜਾਬੀ ਜੀਵਨ ਅਤੇ ਸਾਹਿਤ ਵਿਚ ਅਮਰ ਸਥਾਨ ਪ੍ਰਾਪਤ ਕਰ ਲਿਆ ਹੈ। ਵਾਰਿਸ ਰਾਂਝੇ ਨੂੰ ਜਿਸਮ ਮੰਨਦਾ ਹੈ ਅਤੇ ਹੀਰ ਨੂੰ ਰੂਹ ਮੰਨਦਾ ਹੈ। ਰਾਂਝਾ ਸੱਚੇ ਇਸ਼ਕ ਦਾ ਮੁਜੱਸਮ ਬਣ ਗਿਆ ਹੈ ਅਤੇ ਇਸ਼ਕ ਹਕੀਕੀ ਦੇ ਫ਼ਕੀਰਾਂ ਤੇ ਗੁਰੂਆਂ ਨੇ ਉਸਨੂੰ ਆਪਣੇ ਇਸ਼ਟ ਦਾ ਰਹੱਸਵਾਦੀ ਰੂਪ ਵੀ ਦਿੱਤਾ ਹੈ।

ਰਾਂਝੇ ਦੇ ਚਰਿਤਰ ਵਿਚ ਸਾਨੂੰ ਸਭ ਤੋਂ ਵੱਧ ਪ੍ਰਸੰਸਾਜਨਕ ਗੱਲ ਇਹ ਜਾਪਦੀ ਹੈ ਕਿ ਉਹ ਕੋਈ ਦੈਵੀ ਸ਼ਕਤੀ ਵਾਲਾ ਪਰਾਸਰੀਰਕ ਮਨੁੱਖ ਨਹੀਂ।ਉਹ ਤਾਂ ਧਰਤੀ ਦਾ ਜੀਵ ਹੈ, ਹੱਡ ਮਾਸ ਦਾ ਪੁਤਲਾ, ਸਾਡੇ ਵਾਂਗ ਦੁੱਖਾਂ ਗਮਾਂ ਦੇ ਦਰਦ ਝੱਲਦਾ ਹੈ, ਥੋੜ੍ਹਾ ਜਿਹਾ ਸੁੱਖ ਮਿਲਣ ਤੇ ਖੁਸ਼ ਹੋ ਜਾਂਦਾ ਹੈ, ਦੁੱਖਾਂ ਵਿਚ ਰੋਂਦਾ ਹੈ ਅਤੇ ਪੀਰਾਂ ਫ਼ਕੀਰਾਂ ਨੂੰ ਧਿਆਉਂਦਾ ਹੈ। ਆਪਣੇ ਇਸ਼ਕ ਨੂੰ ਪਾਉਣ ਲਈ ਹਰ ਕੋਸ਼ਿਸ਼ ਕਰਦਾ ਹੋਇਆ ਜੋਗੀ ਭੇਸ ਵੀ ਧਾਰਦਾ ਹੈ ਅਤੇ ਅੰਤ ਵਿਚ ਇਕ ਸਧਾਰਨ ਮਨੁੱਖ ਵਾਂਗ ਹੀਰ ਨੂੰ ਲੈ ਕੇ ਤੁਰ ਜਾਂਦਾ ਹੈ।

ਰਾਂਝੇ ਦਾ ਪਿੰਡ ਤਖ਼ਤ ਹਜ਼ਾਰਾ ਹੈ ਜੋ ਹੁਣ ਪਾਕਿਸਤਾਨ ਪੰਜਾਬ ਵਿਚ ਹੈ ਜਿਸ ਦੀ ਤਹਿਸੀਲ ਤੇ ਜਿਲ੍ਹਾ ਸਰਗੋਦਾ ਸੀ। ਪਹਿਲਾ ਤਖ਼ਤ ਹਜ਼ਾਰਾ ਦਰਿਆ ਵਿਚ ਰੁੜ੍ਹ ਗਿਆ ਸੀ। ਜਦੋਂ 1540 ਈ. ਵਿਚ ਸ਼ੇਰ ਸ਼ਾਹ ਸੂਰੀ ਨੇ ਹਮਾਯੂ ਵਿਰੁੱਧ ਲੜਾਈ ਲੜੀ ਸਗੋਂ ਸ਼ੇਰ ਸ਼ਾਹ ਦੀ ਸਿਆਲਾਂ ਨੇ ਮਦਦ ਕੀਤੀ।ਬਾਅਦ ਵਿਚ ਸ਼ੇਰ ਸ਼ਾਹ ਸੂਰੀ ਨੇ ਹੀ ਤਖ਼ਤ ਹਜ਼ਾਰੇ ਪਿੰਡ ਨੂੰ ਅੱਗ ਲਾ ਦਿੱਤੀ ਸੀ ਅਤੇ ਮਗਰੋਂ ਚਨਾਬ ਦਰਿਆ ਕੋਲ ਇਸ ਪਿੰਡ ਦਾ ਕੋਈ ਨਿੱਕਾ ਜਿਹਾ ਅੰਸ਼ ਰਹਿ ਗਿਆ ਸੀ। ਫਿਰ 15 ਸਾਲ ਬਾਅਦ ਹਮਾਯੂ ਨੇ ਵਾਪਸ ਆ ਕੇ ਪਿੰਡ ਤਖ਼ਤ ਹਜ਼ਾਰਾ ਵਸਾਇਆ। ਹੁਣ ਇਸ ਪਿੰਡ ਨੂੰ ਮੇਨ ਰੋਡ ਸਿਆਸਮੋਡ ਲੱਗਦਾ ਹੈ ਅਤੇ ਨਾਲ ਲੱਗਦੇ ਪਿੰਡ ਮਿਡ ਰਾਂਝਾ,ਜਲਾਲਪੁਰ, ਤਖ਼ਤ ਹਜ਼ਾਰਾ ਨੂਨ ਆਦਿ।

'ਰਾਂਝੇ ਦੇ ਪਿਤਾ ਦਾ ਨਾਮ ਮੌਜੂ ਸੀ। ਮੌਜੂ ਦੇ ਪੁੱਤਰਾਂ ਵਿਚੋਂ ਧੀਦੋ (ਰਾਂਝਾ) ਸਭ ਤੋਂ ਛੋਟਾ ਅਤੇ ਲਾਡਲਾ ਸੀ। ਮੌਜੂ ਦੀ ਮੌਤ ਤੋਂ ਬਾਅਦ ਰਾਂਝੇ ਦੇ ਭਰਾ ਅਤੇ ਭਰਜਾਈਆਂ ਉਸ ਨਾਲ ਬਹੁਤ ਈਰਖਾ ਕਰਦੇ ਹਨ। ਰਾਂਝੇ ਦੇ ਭਰਾ ਰਾਂਝੇ ਨੂੰ ਬੰਜ਼ਰ ਜ਼ਮੀਨ ਦੇ ਦਿੰਦੇ ਹਨ ਜ਼ਮੀਨ ਉਸ ਤੋਂ ਵਗਦੀ ਨਹੀਂ। ਭਰਜਾਈਆਂ ਉਸ ਨੂੰ ਤਾਹਨੇ ਮੇਹਣੇ ਮਾਰਦੀਆਂ ਹਨ। ਉਸ ਉੱਤੇ ਵਿਅੰਗ ਕਸਦੀਆਂ ਹਨ ਕਿ ਉਹ ਹੀਰ ਵਿਆਹ ਲਿਆਏ।'

ਰਾਂਝੇ ਦਾ ਜੁਵਾਬ;

ਨੱਡੀ ਸਿਆਲਾਂ ਦੀ ਵਿਆਹਿ ਲਿਆਵਸਾਂ ਮੈਂ
ਕਰੋ ਬੋਲੀਆਂ ਕਿਉਂ ਠਠੋਲੀਆਂ ਨੀ।

ਰਾਂਝਾ ਆਪਣੇ ਭਰਾ ਅਤੇ ਭਰਜਾਈਆਂ ਤੋਂ ਦੁੱਖੀ ਹੋ ਕੇ ਘਰੋਂ ਨਿਕਲ ਜਾਂਦਾ ਹੈ। ਰਾਂਝਾ ਦਰਿਆ ਨੂੰ ਪਾਰ ਕਰਕੇ ਉਸ ਜੀਵਨ ਨਾਲੋਂ ਨਿਖੜ ਜਾਂਦਾ ਹੈ ਜਿਸ ਵਿਚ ਪੁਰਾਣੀਆਂ ਅਤੇ ਨਾਕਾਰਾਤਮਕ ਸਾਂਝਾਂ ਪਲਦੀਆਂ ਹਨ। ਹੁਣ ਰਾਂਝਾ ਉਸ ਜਗਤ ਵਿਚ ਪ੍ਰਵੇਸ਼ ਕਰ ਜਾਂਦਾ ਹੈ ਜੋ ਸੁਹੱਪਣ ਦਾ ਜਗਤ ਹੈ ਅਤੇ ਹੀਰ ਦਾ ਵਜੂਦ ਹੀ ਜਿਸਦਾ ਮਾਨਵੀ ਬਿੰਬ ਹੈ।

ਰਾਂਝਾ ਜੱਟਾਂ ਦੇ ਉਹਨਾਂ ਮੁੰਡਿਆਂ ਦੀ ਪ੍ਰਤੀਨਿਧਤਾ ਕਰਦਾ ਹੈ ਜਿੰਨ੍ਹਾ ਨੂੰ ਛੋਟੇ ਹੋਣ ਕਰਕੇ ਬਾਪ ਦਾ ਪਿਆਰ ਬਹੁਤਾ ਮਿਲਦਾ ਹੈ ਅਤੇ ਉਹ ਕੰਮੋ ਕਾਰੋਂ ਰਹਿ ਜਾਂਦੇ ਹਨ। ਉਹਨਾਂ ਦਾ ਕੰਮ ਪਟੇ ਸਵਾਰਨਾ, ਵੰਜਲੀ ਜਾਂ ਮੁਰਲੀ ਵਜਾਉਣਾ, ਪਿੰਡ ਦੇ ਖੂਹਾਂ ਤੇ ਘੁੰਮਣਾ, ਕੁੜੀਆਂ ਜਾਂ ਤੀਵੀਆਂ ਦੇ ਝੁਰਮਟਾਂ ਵਿਚ ਫਿਰਨਾ ਅਤੇ ਘਰ ਆ ਕੇ ਚੰਗਾ ਚੋਖਾ ਖਾਣਾ ਹੀ ਉਹਨਾਂ ਦੇ ਪੱਲੇ ਰਹਿ ਜਾਂਦਾ ਹੈ।

ਵਾਰਿਸ ਸ਼ਾਹ ਨੇ ਰਾਂਝੇ ਦੇ ਚਰਿਤਰ ਨੂੰ ਇਕ ਜੀਵੰਤ ਮੋੜ ਦਿੱਤਾ ਹੈ। ਰਾਂਝਾ ਇਸ਼ਕ ਵਿਚ ਡੁੱਬ ਕੇ ਹੱਡ-ਭੰਨ ਕਾਮਾ ਬਣ ਜਾਂਦਾ ਹੈ। 12 ਵਰ੍ਹੇ ਮੱਝਾਂ ਚਰਾਉਣਾ, ਬੇਲੇ ਵਿਚ ਇਕੱਲਿਆਂ ਰਹਿਣਾ, ਤਨਖਾਹ ਤੱਕ ਨਾ ਮੰਗਣੀ, ਚੂਚਕ ਦੇ ਮਾੜੇ ਬੋਲਾਂ ਦਾ ਗੁੱਸਾ ਨਾ ਕਰਨਾ , ਹੀਰ ਦੇ ਵਿਆਹ ਤੋਂ ਬਾਅਦ ਜੋਗੀ ਬਣਨਾ , ਦਰ-ਦਰ ਠੋਕਰਾਂ ਖਾਣੀਆਂ, ਮਾਰ ਝੱਲਣੀ ਇਹ ਸਭ ਸਖ਼ਤ ਜਾਨ ਦੀਆਂ ਨਿਸ਼ਾਨੀਆਂ ਹਨ। ਇਹਨਾਂ ਗੱਲਾਂ ਤੋਂ ਪਤਾ ਚੱਲਦਾ ਹੈ ਕਿ ਰਾਂਝਾ ਇਸ਼ਕ ਵਿਚ ਸਾਦਕ ਸੀ। ਇੰਨ੍ਹੇ ਵਿਰੋਧੀ ਵਾਤਾਵਰਨ ਵਿਚ ਵੀ ਹੀਰ ਨੂੰ ਇਸ਼ਕ ਕਰੀ ਜਾਣਾ ਸਿਦਕੀ ਮਨੁੱਖ ਦਾ ਹੀ ਕਾਰਜ ਹੈ ਹੀਰ ਦੇ ਵਿਆਹ ਮਗਰੋਂ ਜੋਗੀ ਦਾ ਭੇਸ ਧਾਰ ਕੇ ਰਾਂਝਾ ਹੋਰ ਵੀ ਮਹਾਨ ਪਾਤਰ ਬਣ ਜਾਂਦਾ ਹੈ।

ਰਾਂਝਾ ਆਪਣੇ ਸੱਚੇ ਇਸ਼ਕ ਵਿਚ ਆਦਰਸ਼ ਨੂੰ ਨਿਭਾਉਂਦਾ ਹੈ ਅਤੇ ਜਦੋਂ ਹੀਰ ਉਹਨੂੰ ਕਹਿੰਦੀ ਹੈ ਮੈਨੂੰ ਕੱਢ ਕੇ ਲੈ ਚਲ ਤਾਂ ਉਹ ਕਹਿੰਦਾ;ਹੈ

ਹੀਰੇ ਇਸ਼ਕ ਨਾ ਕਦੀ ਸਵਾਦ ਦੇਂਦੇ
ਨਾਲ ਚੋਰੀਆਂ ਅਤੇ ਉਧਾਲਿਆਂ ਦੇ।

ਇਹੀ ਰਾਂਝਾ ਬਾਅਦ ਵਿਚ ਜੋਗੀ ਦਾ ਰੂਪ ਧਾਰਦਾ ਹੈ ਅਤੇ ਇਕ ਖੇਡ ਰਚਦਾ ਹੈ। ਜਿਸ ਵਿਚ ਹੀਰ ਨੂੰ ਕੱਢ ਕੇ ਲਿਜਾਂਦਾ ਹੈ।ਇਸ ਪੱਖ ਤੋਂ ਰਾਂਝੇ ਦੇ ਕਿਰਦਾਰ ਨੂੰ ਨਿੰਦਿਆ ਨਹੀਂ ਜਾ ਸਕਦਾ ਕਿਉਂਕਿ ਸਮਾਜ ਜਦੋਂ ਕਿਸੇ ਦਾ ਹੱਕ ਉਸਨੂੰ ਨਹੀਂ ਦਿੰਦਾ ਤਾਂ ਆਪਣਾ ਹੱਕ ਖੋਹਣਾ ਹੀ ਪੈਂਦਾ ਹੈ।

ਰਾਂਝਾ ਵੇਖਣ ਨੂੰ ਸੋਹਣਾ ਅਤੇ ਛੈਲ ਛਬੀਲਾ ਹੈ। ਸਿਰ ਉੱਤੇ ਪਟਕਾ ਬੰਨ੍ਹੀ ਕੱਛੇ ਵੰਝਲੀ ਮਾਰੀ ਅਤੇ ਲੱਕ ਨੂੰ ਖੇਸ ਬੰਨ੍ਹ ਕੇ ਤੁਰਦਾ ਹੈ। ਰਾਂਝਾ ਬਦਲਾ ਲੈਣਾ ਵੀ ਜਾਣਦਾ ਹੈ ਜਦੋਂ ਸੈਦੇ ਨੇ ਉਸ ਕਟਵਾਇਆ ਸੀ। ਸੋ ਜਦੋਂ ਸੈਦਾ ਹੀਰ ਦੇ ਇਲਾਜ ਲਈ ਰਾਂਝੇ ਜੋਗੀ ਕੋਲ ਆਉਂਦਾ ਹੈ ਤਾਂ ਉਹ ਮਾਰ ਕੁੱਟ ਨਾਲ ਉਹਦੀ ਸੇਵਾ ਕਰਦਾ ਹੈ।

ਇਸ ਤਰ੍ਹਾਂ ਅਸੀਂ ਰਾਂਝੇ ਨੂੰ ਉਸ ਪਾਤਰ ਦੇ ਰੂਪ ਵਜੋਂ ਦੇਖਦੇ ਹਾ ਜਿਹੜਾ ਧੁਨ ਦਾ ਪੱਕਾ, ਇਸ਼ਕ ਵਿਚ ਸਾਦਕ, ਰੋਮਾਂਟਕ ਅਤੇ ਜਿੰਦ ਵਾਰਨੀ ਜਾਣਦਾ ਸੀ। ਰਾਂਝੇ ਨੂੰ ਥੋੜ੍ਹਾ ਕਰਾਮਾਤੀ ਵਿਖਾਉਣਾ ਠੀਕ ਨਹੀਂ ਜਾਪਦਾ ਕਿਉਂਕਿ ਉਹ ਧਰਤੀ ਦਾ ਜਾਇਆ ਸੀ। ਉਹ ਤਾਂ ਸਾਡੇ ਵਰਗਾ ਹੀ ਹੱਡ ਮਾਸ ਦਾ ਪੁਤਲਾ ਸੀ।

**ਹੀਰ**

ਵਾਰਿਸ ਸ਼ਾਹ ਦੇ ਕਿੱਸੇ ਦੀ ਮੁੱਖ ਨਾਇਕਾ ਹੀਰ ਹੈ। ਜਿਵੇਂ ਰਾਂਝਾ ਇਸ ਕਿੱਸੇ ਦੀ ਜਿੰਦ-ਜਾਨ ਹੈ ਉਸੇ ਤਰ੍ਹਾਂ ਹੀਰ ਵੀ ਇਸ ਕਿੱਸੇ ਦੀ ਜਿੰਦ-ਜਾਨ ਹੈ , ਪਰ ਕਿੱਸੇ ਅਨੁਸਾਰ ਇਸ ਕਿੱਸੇ ਦੀ ਅਸਲ ਚੂਲ ਰਾਂਝਾ ਹੈ ਅਤੇ ਹੀਰ ਉਸ ਦਾ ਪ੍ਰਮੁੱਖ ਆਧਾਰ। ਵਾਰਿਸ ਸ਼ਾਹ ਰਾਂਝੇ ਨੂੰ ਜਿਸਮ ਅਤੇ ਹੀਰ ਨੂੰ ਰੂਹ ਮੰਨਦਾ ਹੈ। ਇਹਨਾਂ ਜਿਸਮ ਅਤੇ ਰੂਹ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

ਹੀਰ ਦੇ ਪਿਤਾ ਦਾ ਨਾਮ ਚੂਚਕ ਸੀ ਅਤੇ ਮਾਤਾ ਦਾ ਨਾਮ ਮਲਕੀ ਸੀ। ਇਹ ਚਨਾਬ (ਝਨਾਂ) ਦੇ ਕਿਨਾਰੇ ਵੱਸੇ ਨਗਰ ਝੰਗ ਦੇ ਵਸਨੀਕ ਸਨ। ਹੀਰ ਉੱਚ ਘਰਾਣੇ ਦੀ 'ਸਿਆਲ ਗੋਤ'[5] ਨਾਲ ਸਬੰਧ ਰੱਖਦੀ ਹੈ।

ਹੀਰ ਇਸ ਦੁਖਾਂਤ ਕਹਾਣੀ ਦੇ ਮੂਲ ਕਾਰਨਾਂ ਵਿਚੋਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੀਰ ਅਤੇ ਰਾਂਝੇ ਵਿਚ ਸਮਾਜਕ ਨਾ-ਬਰਾਦਰੀ ਦੀ ਇਕ ਬਹੁਤ ਵੱਡੀ ਖਾਈ ਹੈ। ਜਿਸ ਕਾਰਨ ਮੂਲ ਰੂਪ ਵਿਚ, ਇਹਨਾਂ ਦੋਹਾਂ ਪ੍ਰੀਤ-ਨਾਇਕਾਂ ਨੂੰ ਦੁਖੀ ਹੋਣਾ ਪਿਆ;ਪਰ ਹੀਰ ਵੀ ਮੌਕਾ ਨਾ ਸੰਭਾਲ ਸਕੀ। ਉਹ ਰਾਂਝੇ ਨੂੰ ਆਪਣੇ ਪਿਤਾ ਨਾਲ ਯੋਗ ਢੰਗ ਨਾਲ ਨਾ ਮਿਲਾ ਸਕੀ। ਇਸ ਲਈ ਹੀਰ ਕੋਈ ਸਹੀ ਯੋਜਨਾ ਨਾ ਬਣਾ ਸਕੀ ਅਤੇ ਆਪਣੇ ਸੋਹਣੇ ਮਾਹੀ ਨੂੰ ਚਾਕ (ਮੱਝਾਂ ਦਾ ਚਰਵਾਹਾ) ਬਣਾ ਲਿਆ। ਰਾਂਝਾ ਵੀ ਜੱਟਾਂ ਦਾ ਪੁੱਤ ਸੀ , ਕੋਈ ਹੋਰ ਰਾਹ ਕੱਢਿਆ ਜਾ ਸਕਦਾ ਸੀ।

ਹੀਰ ਸਾਮੰਤਾਂ (ਜਗੀਰਦਾਰਾਂ) ਦੀ ਧੀ ਦੇ ਕਿਰਦਾਰ ਦੀ ਪੂਰੀ ਪ੍ਰਤੀਨਿਧਤਾ ਕਰਦੀ ਹੈ। ਆਮ ਤੌਰ 'ਤੇ ਮੱਧਕਾਲੀ ਜਾਗੀਰਦਾਰਾਂ, ਛੋਟੇ ਰਾਜੇ ਜਾਂ ਵੱਡੇ ਜਿਮੀਂਦਾਰ ਇਕ ਵੱਖਰੀ ਕਿਸਮ ਦਾ ਜੀਵਨ ਬਤੀਤ ਕਰਦੇ ਸਨ। ਧੀਆਂ ਉੱਤੇ ਉਂਜ ਤਾਂ ਕਈ ਪਾਬੰਦੀਆਂ ਵਿਖਾਈਆਂ ਜਾਂਦੀਆਂ ਸਨ। ਪਰ ਇਹਨਾਂ ਦੀਆਂ ਧੀਆਂ ਆਮ ਤੌਰ 'ਤੇ ਆਜ਼ਾਦ ਹੁੰਦੀਆਂ ਸਨ। ਇਹਨਾਂ ਦੀ ਧੀ ਪਿੰਡ ਜਾਂ ਉਸ ਇਲਾਕੇ ਦੀਆਂ ਸਾਰੀਆਂ ਕੁੜੀਆਂ ਦੀ ਸਰਦਾਰਨੀ ਹੁੰਦੀ ਸੀ । ਜਗੀਰਦਾਰਾਂ ਦੀਆਂ ਕੁੜੀਆਂ ਮਨਮਰਜੀ ਕਰਦੀਆਂ ਸਨ। ਮਾਵਾਂ ਨੂੰ ਸਿੱਧੇ ਸਵਾਲ ਜਵਾਬ ਕਰਦੀਆਂ , ਸਾਰਾ ਦਿਨ ਤ੍ਰਿੰਝਣਾਂ ਅਤੇ ਬਾਗਾਂ ਵਿਚ ਖੇਡਣਾ,ਪੀਂਘਾ ਪਾਉਣਾ, ਗੀਤ ਗਾਉਣਾ, ਚੰਗਾ ਖਾਣਾ ਇਹੋ ਜਿਹੇ ਸ਼ੌਕ ਸਨ।

ਵਾਰਿਸ ਨੇ ਵੀ ਹੀਰ ਦੇ ਲਾਡਲੇ ਅਤੇ ਅੱਲੜਪਣ ਬਾਰੇ ਲਿਖਿਆ ਹੈ

ਹੀਰ ਕਮਲੀ ਰਾਜ ਹੈ ਚੂਚਕੇ ਦਾ,ਅਵੇ ਕਿਸੇ ਦੀ ਕੀ ਪਰਵਾਹ ਮੈਨੂੰ।
ਫਿਰੇ ਛਣਕਦੀ ਚਾਉ ਦੇ ਨਾਲ ਜੱਟੀ,ਚੜ੍ਹਿਆ ਹਾਜ਼ਬ ਦਾ ਕਟਕ ਕੰਧਾਰ ਵਿਚੋਂ।

ਹੀਰ ਬਹੁਤ ਜ਼ਿੱਦੀ ਕੁੜੀ ਸੀ , ਇਰਾਦੇ ਦੀ ਬਹੁਤ ਪੱਕੀ ਅਤੇ ਬਹਿਸਣ ਸੀ। ਉਹ ਗੱਲਾਂ ਵਿਚ ਕਿਸੇ ਨੂੰ ਵਾਰੇ ਨਹੀਂ ਸੀ ਆਉਣ ਦਿੰਦੀ । ਉਹ ਆਪਣੀ ਮਾਂ ਨਾਲ ਬਹਿਸ ਕਰਦੀ ਹੈ ਅਤੇ ਧਾਰਮਕ ਆਗੂ ਕਾਜ਼ੀ ਨੂੰ ਸਿੱਧੀਆਂ ਸੁਣਾਉਂਦੀ ਹੈ। ਹੀਰ ਰਾਜੇ ਅਦਲੀ ਦੇ ਦਰਬਾਰ ਵਿਚ ਬਹੁਤ ਬਹਿਸ ਕਰਦੀ ਹੈ। ਹੀਰ ਦੇ ਮੁਕਾਬਲੇ ਕਈ ਵਾਰ ਰਾਂਝਾ ਹਾਰ ਮੰਨਣ ਵਾਲਾ ਜਾਪਦਾ ਹੈ। ਹੀਰ ਆਪਣੇ ਚਾਚੇ ਕੈਦੋਂ ਨਾਲ ਸਮਝੌਤਾ ਨਹੀਂ ਕਰਦੀ। ਉਹ ਕੈਦੋ ਦੀ ਝੁੱਗੀ ਨੂੰ ਸਾੜ ਦੇਂਦੀ ਹੈ ਅਤੇ ਉਹ ਆਪਣੇ ਚਾਚੇ ਨੂੰ ਕਹਿੰਦੀ ਹੈ ਕਿ ਅਜੇ ਵੀ ਬਚ ਜਾ ਨਹੀਂ ਤਾਂ ਜਾਨੋ ਮਾਰ ਦਿਆਂਗੀ। ਸਗੋਂ ਉਲਟਾ ਹੀਰ ਆਪਣੇ ਚਾਚੇ (ਕੈਦੋਂ) ਉੱਪਰ ਇਲਜ਼ਾਮ ਵੀ ਲਾ ਦਿੰਦੀ ਹੈ ਕਿ ਇਹ ਕੁੜੀਆਂ ਨੂੰ ਛੇੜਦਾ ਹੈ। ਇਸ ਤਰ੍ਹਾਂ ਦਾ ਕੰਮ ਕੋਈ ਦਲੇਰ ਅਤੇ ਚਲਾਕ ਕੁੜੀ ਹੀ ਕਰ ਸਕਦੀ ਹੈ

ਵਾਰਿਸ ਹੀਰ ਨੂੰ ਕ੍ਰਾਂਤੀਕਾਰੀ ਨਾਇਕਾ ਵਜੋਂ ਪੇਸ਼ ਕਰਦਾ ਹੈ ਜਿਵੇਂ ਹੀਰ ਦੇ ਬੋਲ਼

ਅਸੀਂ ਇਸ਼ਕ ਦੇ ਆਣ ਮੈਦਾਨ ਰੁੱਧੇ

ਬੁਰਾ ਸੂਰਮੇ ਨੂੰ ਰਣੋਂ ਹਿਲਣਾ ਈ।[6]

ਹੀਰ ਰਾਂਝੇ ਨੂੰ ਯਾਦ ਕਰਵਾਉਂਦੀ ਹੈ ਕਿ ਆਪਾਂ ਇਸ਼ਕ ਦੇ ਯੁੱਧ ਖੇਤਰ ਵਿਚ ਆ ਕੁੱਦੇ ਹਾਂ ਅਤੇ ਹੁਣ ਇਸ ਵਿਚੋਂ ਭੱਜ ਕੇ ਜਾਣਾ ਠੀਕ ਨਹੀਂ ਹੈ।

ਵਾਰਿਸ ਸ਼ਾਹ ਹੀਰ ਦੀ ਸੁੰਦਰਤਾ ਨੂੰ ਵੀ ਬਿਆਨ ਕਰਦਾ ਹੈ:

'ਹੋਠ ਸੁਰਖ਼ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸੇਬ ਵਲਾਇਤੀ ਸਾਰ ਵਿਚੋਂ।
ਨੱਕ ਅਲਫ਼ ਹੁਸੈਨੀ ਦਾ ਪਿਪਲਾ ਸੀ, ਜ਼ੁਲਫ਼ਾਂ ਨਾਗ ਖ਼ਜ਼ਾਨੇ ਦੀ ਬਾਰ ਵਿਚੋ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਲੱਕ ਚੀਨ ਕਸ਼ਮੀਰ ਤਸਵੀਰ ਜੱਟੀ, ਕੱਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ।
ਗਰਦਨ ਕੂੰਜ ਦੀ ਉਂਗਲੀਆਂ ਰਵਾਂ ਫਲੀਆਂ, ਹੱਥ ਕੂਲੜੇ ਬਰਗ ਚਨਾਰ ਵਿਚੋਂ।'[7]

ਹੀਰ ਜ਼ਿੰਦਗੀ ਦੇ ਹਰ ਖੇਤਰ ਵਿਚੋਂ ਮੁਸੀਬਤਾਂ ਦਾ ਸਾਹਮਣਾ ਕਰਨਾ ਜਾਣਦੀ ਹੈ। ਜਦ ਹੀਰ ਦਾ ਵਿਆਹ ਹੋ ਜਾਂਦਾ ਹੈ ਤਾਂ ਉਹ ਸੈਦੇ ਖੇੜੇ ਨਾਲ ਚੰਗੀ ਟੱਕਰ ਲੈਂਦੀ ਹੈ। ਹੀਰ ਸੈਦੇ (ਹੀਰ ਦਾ ਪਤੀ) ਨੂੰ ਕੁੱਟ ਵੀ ਲੈਂਦੀ ਹੈ। ਹੀਰ ਸਾਹੁਰੇ ਘਰ ਜਾ ਕੇ ਵੀ ਵਿਆਹੁਤਾ ਜੀਵਨ ਬਤੀਤ ਨਹੀਂ ਕਰਦੀ। ਹੀਰ ਤਾਂ ਨਿਕਾਹ ਸਮੇਂ ਵੀ ਵਿਦਰੋਹ ਕਰਦੀ ਹੈ।

ਹੀਰ ਉਂਜ ਤਾਂ ਬਹੁਤ ਸਿਆਣੀ ਸੀ ਪਰ ਅੰਤ ਵਿਚ ਜਾ ਕੇ ਉਸ ਵਿਚ ਸਧਾਰਨ ਤੀਵੀਆਂ ਵਾਲਾ ਕਿਰਦਾਰ ਫਿਰ ਜਾਗ ਪੈਂਦਾ ਹੈ ਜਦ ਉਹ ਰਾਂਝੇ ਨੂੰ ਜੰਞ ਲਿਆਉਣ ਲਈ ਤਖ਼ਤ ਹਜ਼ਾਰੇ ਤੋਰ ਦਿੰਦੀ ਹੈ।

ਹੀਰ ਦੇ ਇਸ਼ਕ ਵਿਚ ਸਿਦਕ ਬਹੁਤ ਸੀ। ਇਸੇ ਸਿਦਕ ਕਾਰਨ ਹੀ ਵੱਡੇ-ਵੱਡੇ ਕਵੀਆਂ , ਫ਼ਕੀਰਾਂ, ਸੰਤਾਂ ਅਤੇ ਗੁਰੂਆਂ ਨੇ ਹੀਰ ਦੇ ਮਾਧਿਅਮ ਦੁਆਰਾ ਆਪਣੇ ਇਸ਼ਕ ਨੂੰ ਪ੍ਰਗਟਾਇਆ। ਰਹੱਸਵਾਦ ਦੀ ਸਾਰੀ ਕਵਿਤਾ ਹੀਰ ਨੂੰ ਮਨੁੱਖ ਸਮਝਦੀ ਹੈ ਜੋ ਪ੍ਰਭੂ ਰੂਪੀ ਰਾਂਝੇ ਲਈ ਤੜਪ ਰਿਹਾ ਹੈ। ਕਿੰਨੀ ਮਹਾਨਤਾ ਅਤੇ ਉੱਚਤਾ ਪੰਜਾਬੀ ਸਮਾਜ ਨੇ ਹੀਰ ਨੂੰ ਦਿੱਤੀ ਹੈ। ਅਜਿਹਾ ਆਦਰਸ਼ ਹੋਰ ਕਿਸੇ ਭਾਸ਼ਾ ਵਿਚ ਕੋਈ ਪਾਤਰ ਨਹੀਂ ਬਣ ਸਕਿਆ।

ਉਹ ਆਮ ਤੀਵੀਆਂ ਵਾਂਗ ਮੱਕਰ ਫ਼ਰੇਬ ਵੀ ਕਰਨਾ ਜਾਣਦੀ ਹੈ। ਸਹਿਤੀ ਦੀ ਅਗਵਾਈ ਹੇਠਾਂ ਉਸਦਾ ਸੱਪ ਲੜਨ ਦਾ ਬਹਾਨਾ ਕਰਨਾ, ਮਾਂਦੇ ਪੈ ਜਾਣਾ ਆਦਿ ਤੀਵੀਆਂ ਦੇ ਫਰੇਬੀ ਕਿਰਦਾਰ ਨੂੰ ਪੇਸ਼ ਕਰਦਾ ਹੈ।

**ਹੀਰ ਦੇ ਮਾਪੇ**

ਹੀਰ ਦੇ ਪਿਤਾ ਨਾਮ ਚੂਚਕ ਸੀ ਅਤੇ ਮਾਤਾ ਦਾ ਨਾਮ ਮਲਕੀ ਸੀ। ਹੀਰ ਦਾ ਪਰਿਵਾਰ ਮੱਧਕਾਲ ਵਿਚ ਇਕ ਉੱਚ ਸ਼੍ਰੇਣੀ ਨਾਲ ਸਬੰਧ ਰੱਖਦਾ ਸੀ। ਹੀਰ ਦੇ ਮਾਤਾ ਪਿਤਾ ਮੱਧਕਾਲ ਦੀ ਹਾਕਮ ਸ਼੍ਰੇਣੀ ਦੇ ਪ੍ਰਤੀਨਿਧ ਹਨ। ਧੀ ਦੀਆਂ ਖੁੱਲ੍ਹਾਂ ਤੋਂ ਵੀ ਘਬਰਾਉਂਦੇ ਹਨ, ਪਰ ਬਹੁਤਾ ਰੋਕਦੇ ਵੀ ਨਹੀਂ, ਪੁੱਤਰਾਂ ਦੇ ਗੁੱਸੇ ਤੋਂ ਵੀ ਡਰਦੇ ਸਨ।

ਹਰ ਕਦਮ ਸੋਚ ਸਮਝ ਕੇ ਚੁੱਕਦੇ ਹਨ ਅਤੇ ਛੇਤੀ ਕਾਹਲੇ ਨਹੀਂ ਪੈਂਦੇ। ਹੀਰ ਦੇ ਇਸ਼ਕ ਦੀ ਖ਼ਬਰ ਸੁਣ ਕੇ ਪਹਿਲਾਂ ਯਕੀਨ ਨਹੀਂ ਕਰਦੇ ਫਿਰ ਪੱਕਾ ਪਤਾ ਲੱਗਣ ਤੇ ਹੀਰ ਨੂੰ ਸਮਝਾਉਂਦੇ ਹਨ, ਫਿਰ ਕਾਜ਼ੀ ਹੀਰ ਨੂੰ ਸਮਝਾਉਂਦਾ ਹੈ ਫਿਰ ਅੰਤ ਹੀਰ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਜਦ ਹੀਰ ਮਾਂ ਬਾਪ ਦੀ ਗੱਲ ਨਹੀਂ ਮੰਨਦੀ।

ਮਤਲਬ ਵੇਲੇ ਮਿੱਠੇ ਬਣ ਜਾਂਦੇ ਹਨ। ਰਾਂਝੇ ਨੂੰ ਨੌਕਰੀ ਤੋਂ ਜਵਾਬ ਤਾਂ ਦੇ ਬੈਠੇ ਪਰ ਜਦੋਂ ਮੱਝਾਂ ਵਿਟਰ ਗਈਆਂ ਤਾਂ ਰਾਂਝੇ ਨੂੰ ਫਿਰ ਮਨਾ ਲਿਆਉਂਦੇ ਹਨ। ਚੂਚਕ ਮਲਕੀ ਨੂੰ ਆਖਦਾ ਹੈ;

'ਸਾਡੀ ਧੀਉ ਦਾ ਕੁਝ ਨਾ ਲਾਹ ਲੈਂਦਾ, ਸਭ ਟਹਿਲ ਟਕੋਰ ਕਰਾ ਲਈਏ।
ਵਾਰਿਸ ਸ਼ਾਹ ਅਸੀਂ ਜੱਟ ਹਾਂ ਸਦਾ ਖ਼ੋਟੇ, ਕੋਈ ਜਟਕਾ ਫੰਧ ਭੀ ਲਾ ਲਈਏ।'[8]

ਸਮੇਂ ਦੇ ਭਾਈਚਾਰੇ ਤੋਂ ਡਰਦੇ ਹਨ। ਚੰਗਾ ਕਰਦੇ ਹੀਰ ਦਾ ਵਿਆਹ ਰਾਂਝੇ ਨਾਲ ਕਰ ਦਿੰਦੇ, ਪਰ ਹਾਕਮ ਸ਼੍ਰੇਣੀ ਦੇ ਹੰਕਾਰ ਨੇ ਉਨ੍ਹਾਂ ਨੂੰ ਜੱਟ ਕਿਸਾਨ ਰਾਂਝਿਆਂ ਨਾਲ ਨਾਤਾ ਜੋੜਨ ਤੋਂ ਰੋਕ ਲਿਆ, ਜਿਸ ਵਿਚੋਂ ਇਕ ਮਹਾਨ ਤ੍ਰਾਸਦੀ ਨੇ ਜਨਮ ਲਿਆ।

'ਗੁੱਸੇ ਵਿਚ ਮਲਕੀ ਆਖਦੀ ਏ, ਸਾਨੂੰ ਪੱਟਿਓ ਚਾਕ ਦੀਏ ਚੋਰੀਏ ਨੀ।
ਤੈਨੂੰ ਡੂੰਘੜੇ ਖੂਹ ਵਿਚ ਬੋੜਾਂ, ਗੱਲਾਂ ਪਿੱਟੀਏ ਬੱਚੀਏ ਮੇਰੀਏ ਨੀ।
ਧੀਓ ਜੁਆਨ ਜੇ ਕਿਸੇ ਦੀ ਬੁਰੀ ਹੋਵੇ, ਚੁੱਕ ਕੀਤਿਆਂ ਚਾਏ ਨਬੇੜੀਏ ਨੀ।
ਧੀ ਜਆਨ ਜੇ ਨਿਕਲੇ ਘਰੋਂ ਬਾਹਰ, ਲੱਗੇ ਬਸ ਤਾਂ ਖੂਹ ਨਘੇੜੀਏ ਨੀ।'[9]

ਘਰ ਦੀ ਇੱਜ਼ਤ ਦਾ ਬਹੁਤ ਖ਼ਿਆਲ ਰੱਖਦੇ ਹਨ। ਹੀਰ ਦੇ ਵਿਆਹ ਮਗਰੋਂ ਹੀਰ ਨੂੰ ਇਕ ਵਾਰ ਵੀ ਮਿਲਣ ਨਹੀਂ ਗਏ। ਹੀਰ ਦੇ ਮਾਂ-ਬਾਪ ਨਿਰਦਈ ਵੀ ਹਨ ਕਿਉਂਕਿ ਹੀਰ ਅਤੇ ਰਾਂਝੇ ਦੀ ਮੌਤ ਦਾ ਕਾਰਨ ਅਸਲ ਵਿਚ ਇਹੀ ਹਨ।

**ਰਾਂਝੇ ਦਾ ਭਰਾ-ਭਰਜਾਈਆਂ**

ਰਾਂਝੇ ਦੇ ਭਰਾ-ਭਰਜਾਈਆਂ ਪੰਜਾਬ ਦੇ ਉਨ੍ਹਾਂ ਜਿਮੀਦਾਰਾਂ ਜਾਂ ਛੋਟੇ ਕਿਸਾਨਾਂ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਜ਼ਮੀਨੀ ਮਸਲੇ ਵਿਚ ਕਿਸੇ ਦਾ ਲਿਹਾਜ਼ ਨਹੀਂ ਰੱਖਦੇ। ਮੱਧਕਾਲੀ ਪੰਜਾਬ ਵਿਚ ਜਿਮੀਦਾਰਾਂ ਦੁਆਰਾ ਜ਼ਮੀਨ ਦੇ ਜਿਆਦਾ ਹਿੱਸੇ ਨਹੀਂ ਕੀਤੇ ਜਾਂਦੇ ਸਨ ਸਗੋਂ ਜਿਮੀਦਾਰਾਂ ਦੁਆਰਾ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਜ਼ਮੀਨ ਦੀ ਢੇਰੀ ਇਕੋ ਹੀ ਰਹੇ। ਇਸ ਮੰਤਵ ਲਈ ਕਈ ਵਾਰ ਛੋਟੇ ਜਾਂ ਕਮਜ਼ੋਰ ਅਤੇ ਸਿਧਰੇ ਭਰਾ ਨੂੰ ਅਜਿਹਾ ਤੰਗ ਕਰਦੇ ਸਨ ਕਿ ਉਹ ਅੰਤ ਨੂੰ ਘਰ ਬਾਰ ਤਿਆਗ ਦਿੰਦਾ ਸੀ। ਰਾਂਝਾ ਵੀ ਇਸੇ ਵਰਗ ਦਾ ਹੀ ਸੀ, ਖੇਤੀਬਾੜੀ ਕਰਨਾ ਉਸ ਦੇ ਵੱਸ ਦਾ ਰੋਗ ਨਹੀਂ ਸੀ, ਭਰਾਵਾਂ ਨੇ ਉਸਦੀ ਇਸ ਕਮਜ਼ੋਰੀ ਦਾ ਪੂਰਾ ਲਾਭ ਉਠਾਇਆ।

'ਵਾਰਿਸ ਨੇ ਲਿਖਿਆ ਹੈ ਪਿਓ (ਮੌਜੂ) ਦੀ ਮੌਤ ਪਿਛੋਂ ਭਰਾਵਾਂ ਨੇ ਕਾਜ਼ੀ ਤੇ ਪੈਂਚਾ ਨੂੰ ਵੱਢੀ ਦੇ ਕੇ ਚੰਗੀ ਜ਼ਮੀਨ ਆਪਣੇ ਹਿੱਸੇ ਲੈ ਲਈ ਅਤੇ ਬੰਜ਼ਰ ਜ਼ਮੀਨ ਰਾਂਝੇ ਨੂੰ ਦੇ ਦਿੱਤੀ। ਭਰਾ ਪਹਿਲਾਂ ਵੀ ਵੈਰ ਕਰਦੇ ਸਨ। ਹੁਣ ਬੰਜਰ ਜ਼ਮੀਨ ਰਾਂਝੇ ਤੋਂ ਵੱਗਦੀ ਨਹੀਂ ਸੀ। ਦੂਜੇ ਪਾਸੇ ਭਾਬੀਆਂ ਵੀ ਤਾਅਨੇ ਮਿਹਨੇ ਦਿੰਦੀਆਂ ਹਨ। ਇਥੋਂ ਤੀਕ ਕਿ ਇਕ ਭਾਬੀ ਕਹਿੰਦੀ ਹੈ;

ਸਾਡਾ ਹੁਸਨ ਪਸੰਦ ਨਾ ਲਿਆਵਨਾ ਏਂ
ਜਾਹ ਹੀਰ ਸਿਆਲ ਵਿਆਹਿ ਲਿਆਵੀਂ

ਰਾਂਝੇ ਤੋ ਇਹ ਸਭ ਸਹਿ ਨਹੀਂ ਹੁੰਦਾ;ਉਹ ਦੁਖੀ ਹੋ ਕੇ ਘਰੋਂ ਨਿਕਲ ਤੁਰਦਾ ਹੈ। ਰਾਂਝੇ ਦੇ ਭਰਾ-ਭਰਜਾਈਆਂ ਉਸ ਨੂੰ ਮੋੜਦੇ ਹਨ ਪਰ ਦਿਲੋਂ ਨਹੀਂ ਦਿਖਾਵੇ ਲਈ।

12 ਸਾਲ ਰਾਂਝਾ ਚਾਕ ਬਣਕੇ ਰਹਿੰਦਾ ਹੈ;ਚੰਗੇ ਖ਼ਾਨਦਾਨ ਲਈ ਇਹ ਸ਼ਰਮ ਦੀ ਗੱਲ ਸੀ;ਪਰ ਰਾਂਝੇ ਦੇ ਭਰਾ-ਭਰਜਾਈਆਂ ਇਕ ਵਾਰ ਵੀ ਉਸ ਨੂੰ ਮਿਲਣ ਨਹੀਂ ਆਏ। ਉਂਜ ਰਾਂਝੇ ਦੇ ਭਰਾ-ਭਰਜਾਈਆਂ ਉਸ ਨੂੰ ਚਿੱਠੀਆਂ ਪਾਉਂਦੇ ਰਹੇ।

ਭਰਾ-ਭਰਜਾਈਆਂ ਦਾ ਕਿਰਦਾਰ ਇਸ ਲਈ ਖ਼ਾਸ ਹੈ ਕਿਉਂਕਿ ਇਹਨਾਂ ਦੇ ਕਾਰਨ ਹੀ ਰਾਂਝਾ ਘਰੋਂ ਨਿਕਲ ਜਾਂਦਾ ਹੈ ਅਤੇ ਇਹ ਵਿਸ਼ੇਸ਼ ਘਟਨਾ ਵਾਪਰਦੀ ਹੈ।

**ਕੈਦੋਂ (ਲੰਙਾ)**

ਵਾਰਿਸ ਦੀ ਹੀਰ ਵਿਚ ਕੈਦੋ ਨੂੰ ਸ਼ੈਤਾਨ ਦਾ ਦਰਜਾ ਪ੍ਰਾਪਤ ਹੈ। ਭਾਰਤੀ ਕਥਾ ਪਰੰਪਰਾ ਅਨੁਸਾਰ ਅਸੀਂ ਕੈਦੋ ਨੂੰ ਖ਼ਲਨਾਇਕ ਦਾ ਰੁਤਬਾ ਦਿੰਦੇ ਹਾਂ ਕੈਦੋ ਸੁਭਾਅ ਦਾ ਬੜਾ ਕੌੜਾ ਸੀ ਅਤੇ ਲਾਈ ਲੱਗ ਸੀ। ਉਹ ਆਪਣੇ ਭਰਾ ਚੂਚਕ ਦੀ ਧੀ (ਹੀਰ) ਦੀ ਇੱਜ਼ਤ ਦੀ ਕੋਈ ਪਰਵਾਹ ਨਹੀਂ ਕਰਦਾ। ਜਦ ਹੀਰ ਦੇ ਇਸ਼ਕ ਦਾ ਕੈਦੋ ਨੂੰ ਪਤਾ ਲੱਗਦਾ ਹੈ ਤਾਂ ਉਹ ਚੂਚਕ ਨੂੰ ਆ ਕੇ ਦੱਸਦਾ ਹੈ;

ਕੈਦੋ ਆਇਕੇ ਆਖਦਾ ਸੌਹਰਿਓ ਵੇ ਮੈਥੋਂ ਕੌਣ ਚੰਗਾ ਮੱਤ ਦੇਸੀਆ ਵੋਇ।
ਇਹ ਨਿਤ ਦਾ ਪਿਆਰ ਨਾ ਜਾਏ ਖ਼ਾਲੀ;ਪਿੰਜ ਗੱਡ ਦਾ ਪਾਸ ਨਾ ਵੈਸੀਆ ਵੋਇ।

ਕੈਦੋ ਚੁਗਲਖੋਰ, ਬੇਲਿਹਾਜ਼ਾ, ਮਨਮੁਖ ਅਤੇ ਆਪਣੀ ਗੱਲ ਨੂੰ ਸਿੱਧ ਕਰਨ ਲਈ ਪੂਰੇ ਸਬੂਤ ਪੈਦਾ ਕਰਨ ਵਾਲਾ, ਹੀਰ ਤੋਂ ਮਾਰ ਖਾ ਕੇ ਵੀ ਨਾ ਸੁਧਰਨਾ ਆਦਿ ਉਸਦੇ ਰੂਪ ਹਨ। ਉਹਦਾ ਚਿਤ੍ਰਣ ਇੰਨਾ ਸਫਲ ਹੋਇਆ ਕਿ ਉਹ ਇਕ ਅਮਰ ਪਾਤਰ ਬਣ ਬਣ ਗਿਆ ਹੈ।

**ਕਾਜ਼ੀ**

ਵਾਰਿਸ ਸ਼ਾਹ ਦੀ ਹੀਰ ਵਿਚ ਕਾਜ਼ੀ ਦਾ ਜ਼ਿਕਰ ਦੋ ਥਾਵਾਂ'ਤੇ ਆਉਂਦਾ ਹੈ। ਇਕ ਕਾਜ਼ੀ (ਸ਼ਮਸ ਅਲਦੀਨ ਆਲਮਦੀਨ) ਹੀਰ ਨੂੰ ਮਨਾਉਣ ਅਤੇ ਨਿਕਾਹ ਪੜ੍ਹਾਉਣ ਵਾਲਾ ਜੋ ਕਿ ਹੀਰ ਦਾ ਉਸਤਾਦ ਵੀ ਸੀ। ਦੂਜਾ ਕਾਜ਼ੀ ਦਾ ਜ਼ਿਕਰ ਕੋਟ ਕਬੂਲੇ ਦੀ ਅਦਾਲਤ ਵਿਚ ਹੁੰਦਾ ਹੈ। ਇਸ ਕਿੱਸੇ ਵਿਚ ਹੀਰ ਕਾਜ਼ੀਆਂ ਦੇ ਕਿਰਦਾਰ ਬਾਰੇ ਕੌੜੇ ਬੋਲ ਬੋਲਦੀ ਹੈ

'ਖਾਣ ਵੱਢੀਆਂ ਨਿੱਤ ਈਮਾਨ ਵੇਚਣ
ਏਹੋ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ।[11]

ਕਾਜ਼ੀ ਦਾ ਕਿਰਦਾਰ ਇਕ ਖ਼ਲਨਾਇਕ (ਵਿਦੂਸ਼ਕ) ਵਰਗਾ ਹੈ। ਉਹ ਸਮੇਂ ਦੇ ਹਾਕਮਾਂ ਅਤੇ ਚੌਧਰੀਆਂ ਦੇ ਗ਼ੁਲਾਮ ਸਨ। ਚੂਚਕ ਕਾਜ਼ੀ ਤੋਂ ਮਨਮਰਜੀ ਦੇ ਕੰਮ ਕਰਵਾਉਂਦਾ ਹੈ। ਅਦਲੀ ਰਾਜੇ ਦੇ ਦਰਬਾਰ ਵਿਚ ਵੀ ਕਾਜ਼ੀ ਰਾਂਝੇ ਦੇ ਖ਼ਿਲਾਫ਼ ਫੈਸਲਾ ਦਿੰਦਾ ਹੈ। ਪਰ ਜੋ ਰਾਂਝਾ ਕਰਾਮਾਤ ਵਿਖਾਉਂਦਾ ਹੈ ਤਾਂ ਰਾਜਾ ਮਜਬੂਰ ਹੋ ਕੇ ਹੀਰ ਨੂੰ ਰਾਂਝੇ ਦੇ ਹਵਾਲੇ ਕਰਦਾ ਹੈ।

**ਜੋਗੀ**

'ਇਸ ਪ੍ਰੀਤ ਕਥਾ ਵਿਚ ਜੋਗੀ ਦਾ ਪ੍ਰਵੇਸ਼ ਪੂਰਨ ਦੇ ਕਿੱਸੇ ਦੇ ਘਟਨਾ ਚੱਕਰ ਵਿਚੋਂ ਇਸ ਕਥਾ ਵਿਚ ਆ ਰਲਿਆ ਹੈ।'[12]

ਅਸਲ ਵਿਚ ਜੋਗੀ ਇਕ ਰੱਬ ਦੇ ਬੰਦੇ ਦਾ ਪ੍ਰਤੀਕ ਹੈ ਜਿਸ ਦੀ ਪ੍ਰਤੀਨਿਧਤਾ ਬਾਲ ਨਾਥ ਜੋਗੀ ਕਰਦਾ ਹੈ। ਬਾਲ ਨਾਥ ਸੱਚਾ ਇਨਸਾਨ ਹੈ, ਰੱਬ ਦੀ ਰਜ਼ਾ ਅਤੇ ਨਿਰਮਤਾ ਵਿਚ ਰਹਿੰਦਾ ਹੈ। ਦੂਜੇ ਪਾਸੇ ਰਾਂਝਾ ਜੋਗੀ ਦਾ ਰੂਪ ਕਿਉਂ ਧਾਰਦਾ ਹੈ? ਇਹ ਵਿਸ਼ੇਸ਼ ਪ੍ਰਵੇਸ਼ ਸਿੱਧ ਕਰਦਾ ਹੈ ਕਿ ਉਸ ਸਮੇਂ ਹਿੰਦੂ-ਮੁਸਲਮਾਨ ਦੋਹਾਂ ਵਿਚ ਜੋਗੀਆਂ ਦੀ ਮਾਨਤਾ ਸੀ। ਰਾਂਝਾ ਆਪਣੇ ਇਸ਼ਕ ਨੂੰ ਪਾਉਣ ਲਈ ਇਹ ਰਸਤਾ ਚੁਣਦਾ ਹੈ। ਜਦੋਂ ਰਾਂਝਾ ਬਾਲ ਨਾਥ ਦੇ ਟਿੱਲੇ ਤੇ ਜੋਗ ਪ੍ਰਾਪਤ ਕਰਨ ਜਾਂਦਾ ਹੈ ਤਾਂ ਬਾਲ ਨਾਥ ਨੂੰ ਬੋਲਦਾ ਹੈ;

ਰਾਂਝਾ- ਟਿੱਲੇ ਜਾਇਕੇ ਨਾਥ ਥੇ, ਹੱਥ ਜੋੜੇ, ਸਾਨੂੰ ਆਪਣਾ ਕਰੀ ਫ਼ਕੀਰ ਮੀਆਂ
ਸਿਦਕ ਧਾਰ ਕੇ ਨਾਲ ਯਕੀਨ ਆਇਆ;ਅਸੀਂ ਚੇਲੜੇ ਤੇ ਤੁਸੀਂ ਪੀਰ ਮੀਆਂ।
ਬਾਲ ਨਾਥ- ਬੱਚਾ! ਸੁਣੀ ਤੂੰ ਜਿਸ ਕਲਬੂਤ ਅੰਦਰ, ਸੱਚਾ ਰੱਬ ਹੈ ਥਾਉਂ ਬਣਾਇ ਰਿਹਾਂ।
ਮਾਲਾ ਮਣਕਿਆ ਵਿਚ ਜਿਉਂ ਹਿੱਕ ਧਾਗਾ;ਤਿਵੇਂ ਸਰਬ ਕੇ ਬੀਚ ਸਮਾਇ ਰਿਹਾ।

ਬਾਲ ਨਾਥ ਅਤੇ ਰਾਂਝੇ ਵਿਚਕਾਰ ਬਹੁਤ ਜਿਆਦਾ ਬਹਿਸ ਮਗਰੋਂ ਬਾਲ ਨਾਥ ਰਾਂਝੇ ਨੂੰ ਜੋਗ ਦੇ ਦਿੰਦਾ ਹੈ ਅਤੇ ਨਾਲ ਕਹਿੰਦਾ ਹੈ ਹੀਰ ਬਖ਼ਸ਼ ਦਿੱਤੀ ਸੱਚੇ ਰੱਬ ਤੈਨੂੰ। ਇਸ ਤਰ੍ਹਾਂ ਰਾਂਝਾ ਹੀਰ ਨੂੰ ਪਾਉਣ ਲਈ ਜੋਗ ਧਾਰਦਾ ਹੈ। ਰਾਂਝੇ ਨੇ ਜੋਗ ਦੀ ਦੁਰਵਰਤੋਂ ਤਾਂ ਕੀਤੀ ਹੈ ਪਰ ਕਾਜ਼ੀ ਦੇ ਸ਼ਰ੍ਹਾਂ ਦੀ ਦੁਰਵਰਤੋਂ ਨਾਲੋਂ ਤਾਂ ਜਾਇਜ਼ ਹੈ। ਰਾਂਝਾ ਜੋਗ ਧਾਰ ਕੇ ਦੋ ਦਿਲਾਂ ਨੂੰ ਜੋੜਦਾ ਹੈ ਅਤੇ ਕਾਜ਼ੀ ਦੋ ਦਿਲਾਂ ਨੂੰ ਤੋੜਦਾ ਹੈ।

**ਸਹਿਤੀ**

ਸਹਿਤੀ ਜੋ ਕਿ ਹੀਰ ਦੀ ਨਨਾਣ ਹੈ ਅਤੇ ਸੈਦੇ ਦੀ ਭੈਣ ਹੈ।

'ਸਹਿਤੀ ਤੇ ਹੀਰ ਤੇ ਲਾਭ ਇਕ ਹੋਣ ਕਾਰਣ (ਕਿਉਂਕਿ ਸਹਿਤੀ ਨੂੰ ਮੁਰਾਦ ਬਲੋਚ ਨਾਲ ਇਸ਼ਕ ਸੀ) ਦੋਵੇਂ ਹਮ-ਰਾਜ਼ ਹੋ ਜਾਂਦੀਆਂ ਹਨ।'[13]

ਜਦੋਂ ਰਾਂਝਾ ਜੋਗੀ ਬਣ ਰੰਗਪੁਰ ਖੇੜੇ ਜਾਂਦਾ ਹੈ ਤਾਂ ਸਹਿਤੀ ਨਾਲ ਬਹਿਸ ਹੁੰਦੀ ਹੈ ਅਤੇ ਸਹਿਤੀ ਹੀ ਉਸ ਜੋਗੀ (ਰਾਂਝੇ) ਨੂੰ ਹੀਰ ਨਾਲ ਮਿਲਾਉਣ ਦਾ ਜੋੜ ਕਰਦੀ ਹੈ। ਸਹਿਤੀ ਹੀਰ ਦੀ ਬਹੁਤ ਸਹਾਇਤਾ ਕਰਦਾ ਹੈ। ਗ਼ਲਤ ਕੀਮਤਾਂ ਨਾਲ ਲੜਨ ਸਮੇਂ ਉਹ ਆਪਣੇ ਮਾਪਿਆਂ ਦਾ ਲਿਹਾਜ਼ ਵੀ ਨਹੀਂ ਕਰਦੀ। ਸਹਿਤੀ ਝਗੜਾਲੂ ਹੋਣ ਦੇ ਨਾਲ-ਨਾਲ ਫੰਧ-ਫ਼ਰੇਬ (ਮੌਕੇ ਦੀ ਵਿਉਂਤ) ਵਿਚ ਵੀ ਮਾਹਿਰ ਹੈ। ਹੀਰ ਨੂੰ ਸੱਪ ਲੜ੍ਹਨ ਵਾਲਾ ਪਾਖੰਡ ਵੀ ਸਹਿਤੀ ਕਰਦੀ ਹੈ। ਹੀਰ ਜਦ ਰਾਂਝੇ ਨਾਲ ਚਲੀ ਜਾਂਦੀ ਹੈ ਤਾਂ ਉਹ ਵੀ ਮੁਰਾਦ ਨਾਲ ਭੱਜ ਜਾਂਦੀ ਹੈ।

ਸਹਿਤੀ ਨਾਲ ਮੁਰਾਦ ਤੇ ਹੀਰ ਰਾਂਝਾ,ਰਵਾਂ ਹੋ ਚਲੇ ਲਾੜੇ ਲਾੜੀਆਂ ਨੀ।
ਰਾਤੋ ਰਾਤ ਲੈ ਕੇ ਬਾਜ਼ ਕੂੰਜਾਂ, ਸਿਰੀਆਂ ਨਾਗਾਂ ਦੀਆਂ ਸ਼ੀਹਾਂ ਲਤਾੜੀਆਂ ਨੀ।

**ਸੈਦਾ**

ਇਸ ਕਿੱਸੇ ਵਿਚ ਸੈਦਾ ਵਿਚਾਰਾ ਬੇਕਸੂਰ ਹੀ ਜਾਪਦਾ ਹੈ। ਇਸ ਦਾ ਕਸੂਰ ਹੈ ਕਿ ਇਸ ਨੇ ਆਪਣੀ ਧਰਮ ਮਰਿਯਾਦਾ ਵਿਚ ਬੰਨ੍ਹੇ ਹੋਏ ਨੇ ਹੀਰ ਨਾਲ ਵਿਆਹ ਕਰਵਾ ਲਿਆ। ਹੀਰ ਪਹਿਲਾਂ ਹੀ ਰਾਂਝੇ ਦੇ ਪਿਆਰ ਵਿਚ ਗ੍ਰਸਤ ਸੀ। ਵਾਰਿਸ ਸ਼ਾਹ ਨੇ ਸੈਦੇ ਦੇ ਕੁਝ ਵਿਸ਼ੇਸ਼ ਗੁਣਾਂ ਉੱਤੇ ਚਾਨਣਾ ਪਾਇਆ ਹੈ-

- ਮਾਪਿਆਂ ਦੀ ਮਰਜ਼ੀ ਨਾਲ ਤੁਰਨ ਵਾਲਾ।
- ਇਕ ਚੰਗੇ ਪਤੀ ਵਾਂਗ ਹੀਰ ਦੇ ਇਲਾਜ ਲਈ ਹਰ ਹੀਲਾ ਕਰਨ ਵਾਲਾ।
- ਸੈਦਾ ਹੀਰ ਅਤੇ ਰਾਂਝੇ ਦੋਨਾਂ ਕੋਲੋਂ ਮਾਰ ਖਾਂਦਾ ਹੈ ਅਤੇ ਉਸਦੇ ਮਾਂ ਬਾਪ ਵੀ ਉਸਨੂੰ ਝਿੜਕ ਦਿੰਦੇ ਹਨ।
- ਸੈਦਾ ਇਕ ਸਿਧਰੇ ਜੱਟ ਦੀ ਤਰਜਮਾਨੀ ਕਰਦਾ ਹੈ ਜੋ ਇਕ ਸੋਹਣੀ ਕੁੜੀ ਨਾਲ ਵਿਆਹੇ ਜਾਣ ਕਰਕੇ ਸਭ ਕੁਝ ਸਹਿਣ ਕਰਦਾ ਹੈ।
- ਅੰਤ ਵਿਚ ਜਾਕੇ ਉਹਦੇ ਵਿਚਲਾ ਮਰਦ ਜਾਗਦਾ ਹੈ ਅਤੇ ਉਹ ਰਾਂਝੇ ਨੂੰ ਫੜ ਕੇ ਕਮਚੀਆਂ ਮਾਰਦਾ ਹੈ ਅਤੇ ਪੁਰਾਣੀ ਦੁਸ਼ਮਣੀ ਕੱਢਦਾ ਹੈ।

**ਹੋਰ ਪਾਤਰ**

ਵਾਰਿਸ ਦੀ ਹੀਰ ਵਿਚ ਆਏ ਇਹਨਾਂ ਪਾਤਰਾਂ ਤੋਂ ਇਲਾਵਾ ਕੁਝ ਹੋਰ ਪਾਤਰ ਵੀ ਹਨ ਜਿਵੇਂ ਮੌਜੂ ਰਾਂਝੇ ਦਾ ਪਿਤਾ ਸੀ ਜਦ ਰਾਂਝਾ ਛੋਟਾ ਸੀ ਤਾਂ ਮੌਜੂ ਦੀ ਮੌਤ ਹੋ ਗਈ ਸੀ। ਮੌਜੂ ਰਾਂਝੇ ਨੂੰ ਬਹੁਤ ਪਿਆਰ ਕਰਦਾ ਸੀ। ਅੱਜੂ ਹੀਰ ਦਾ ਸਹੁਰਾ ਸੀ ਜੋ ਕਿ ਹੀਰ ਨੂੰ ਆਪਣੀ ਧੀ ਵਾਂਗ ਰੱਖਦਾ ਹੈ। ਜਦ ਹੀਰ ਨੂੰ ਸੱਪ ਲੜਦਾ ਹੈ ਤਾਂ ਅੱਜੂ ਆਪ ਭੱਜ ਕੇ ਜੋਗੀ ਨੂੰ ਬੁਲਾਉਣ ਜਾਂਦਾ ਹੈ। ਹੀਰ ਦੀ ਸੱਸ ਵੀ ਹੀਰ ਨਾਲ ਬੁਰਾ ਵਿਵਹਾਰ ਨਹੀਂ ਕਰਦੀ ਸਗੋਂ ਹੀਰ ਨੂੰ ਸਮਝਾਉਂਦੀ ਹੈ ਕਿ ਸਹੁਰੇ ਘਰ ਆਕੇ ਕਿਵੇਂ ਰਹਿਣਾ ਹੈ। ਮੁਰਾਦ ਬਲੋਚ ਜੋ ਸਹਿਤੀ ਦਾ ਪ੍ਰੇਮੀ ਸੀ ਜੋ ਸੱਚਾ ਪ੍ਰੇਮੀ ਹੋਣ ਦੇ ਨਾਲ-ਨਾਲ ਬਹਾਦਰ ਵੀ ਸੀ। ਅੰਤ ਵਿਚ ਉਹ ਵੀ ਆਪਣੀ ਪ੍ਰੇਮਿਕਾ ਸਹਿਤੀ ਨੂੰ ਲੈ ਕੇ ਚਲਾ ਜਾਂਦਾ ਹੈ। ਰਾਜਾ ਅਦਲੀ ਇਨਸਾਫ਼ ਦਾ ਪ੍ਰਤੀਕ ਹੈ, ਜੋ ਹੀਰ ਰਾਂਝੇ ਨਾਲ ਇਨਸਾਫ਼ ਕਰਦਾ ਹੈ। ਰਾਜਾ ਅਦਲੀ ਅੰਤ ਵਿਚ ਹੀਰ ਨੂੰ ਰਾਂਝੇ ਦੇ ਹਵਾਲੇ ਕਰ ਦਿੰਦਾ ਹੈ।

**ਸਿੱਟਾ**

ਵਾਰਿਸ ਸ਼ਾਹ ਦੀ ਹੀਰ ਮੱਧਕਾਲੀ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ। ਵਾਰਿਸ ਸ਼ਾਹ ਨੇ ਆਪਣੀ ਰਚਨਾ ਹੀਰ ਵਿਚ ਮੱਧਕਾਲੀ ਪੰਜਾਬ ਦੇ ਧਾਰਮਕ , ਆਰਥਕ , ਰਾਜਨੀਤਕ ਅਤੇ ਸੱਭਿਆਚਾਰਕ ਵਾਤਾਵਰਨ ਵਿਚ ਪ੍ਰਚਲਤਬੁਰੇ ਰੀਤੀ ਰਿਵਾਜਾਂ ਨੂੰ ਦੁਨੀਆਂ ਸਾਹਮਣੇ ਲਿਆਂਦਾ ਹੈ। ਵਾਰਿਸ ਸ਼ਾਹ ਨੇ ਹੀਰ ਦਾ ਅੰਤ ਦੁਖਾਂਤ ਰੂਪ ਵਿਚ ਕੀਤਾ ਹੈ। ਉਸ ਨੇ ਆਪਣੇ ਕਿੱਸੇ ਹੀਰ ਵਿਚ ਇਸ਼ਕ ਨੂੰ ਆਧਾਰ ਬਣਾ ਕੇ ਆਦਰਸ਼ਵਾਦੀ ਦੁਖਾਂਤ ਬਣਾਇਆ ਹੈ। ਵਾਰਿਸ ਸ਼ਾਹ ਨੇ ਮੱਧਕਾਲੀ ਜਗੀਰਦਾਰੀ ਢਾਂਚੇ ਦੀ ਪੋਲ ਖੋਲਣ ਲਈ ਆਪਣੇ ਇਸ ਕਿੱਸੇ ਵਿਚ ਬਹੁਤ ਸੋਹਣੇ ਪਾਤਰ ਚਿਤਰਨ ਕੀਤੇ ਹਨ। ਉਸ ਦੇ ਸਭ ਪਾਤਰ ਪੰਜਾਬੀ ਮੱਧਕਾਲੀ ਸਾਹਿਤ ਵਿਚ ਅਮਰ ਸਥਾਨ ਪ੍ਰਾਪਤ ਕਰ ਗਏ ਹਨ। ਇਹ ਪਾਤਰ ਮੱਧਕਾਲੀ ਸਮਾਜ ਦੇ ਵੱਖ-ਵੱਖ ਰੂਪਾਂ ਦੀ ਪ੍ਰਤੀਨਿਧਤਾ ਕਰਦੇ ਹਨ।

ਰਾਂਝਾ ਇਸ ਕਿੱਸੇ ਦਾ ਮੁੱਖ ਪਾਤਰ ਹੋਣ ਦੇ ਨਾਲ-ਨਾਲ ਜੱਟ ਸ੍ਰੇਣੀ ਨਾਲ ਸਬੰਧਤ ਸੀ ਅਤੇ ਤਖਤ ਹਜ਼ਾਰੇ ਦਾ ਰਹਿਣ ਵਾਲਾ ਸੀ ਮਾਂ ਬਾਪ ਦਾ ਲਾਡਲਾ ਸੀ ਪਰ ਭਰਾ ਅਤੇ ਭਰਜਾਈਆਂ ਉਸ ਨਾਲ ਵੈਰ ਕਰਦੇ ਸਨ। ਇਸ ਦੁੱਖ ਕਾਰਨ ਰਾਂਝਾ ਘਰੋਂ ਨਿਕਲ ਜਾਂਦਾ ਹੈ ਅਤੇ ਹੀਰ ਨੂੰ ਮਿਲਦਾ ਹੈ। ਹੀਰ ਸਿਆਲਜ਼ਾਤੀ ਦੇ ਜਗੀਰਦਾਰਾਂ ਦੀ ਧੀ ਸੀ ਜਿਸ ਦਾ ਪਿਤਾ ਚੂਚਕ ਅਤੇ ਮਾਤਾ ਮਲਕੀ ਸੀ। ਹੀਰ ਬਹੁਤ ਜ਼ਿੱਦੀ ਕੁੜੀ ਹੋਣ ਦੇ ਨਾਲ-ਨਾਲ ਬਹਾਦਰ,ਚਲਾਕ ਅਤੇ ਕ੍ਰਾਂਤੀਕਾਰੀ ਨਾਇਕਾ ਸੀ। ਉਹ ਰਾਂਝੇ ਨਾਲ ਸੱਚੀ ਮੁਹੱਬਤ ਕਰਦੀ ਹੋਈ ਹਰ ਮੁਸੀਬਤ ਦਾ ਸਾਹਮਣਾ ਕਰਦੀ ਹੈ। ਰਾਂਝਾ ਜਿਸਮ ਹੈ ਅਤੇ ਹੀਰ ਰੂਹ ਹੈ। ਹੀਰ ਦੇ ਮਾਪੇ ਧਰਮ ਦੀ ਮਰਿਯਾਦਾ ਵਿਚ ਬੱਝ ਕੇ ਰਹਿਣ ਵਾਲੇ ਹਨ ਉਹ ਹੀਰ ਨੂੰ ਅਜਿਹੇ ਇਸ਼ਕ ਤੋਂ ਰੋਕਦੇ ਹਨ। ਕੈਦੋਂ ਇਸ ਕਿੱਸੇ ਦਾ ਖ਼ਲਨਾਇਕ ਪਾਤਰ ਹੈ ਜਿਹੜਾ ਹੀਰ ਅਤੇ ਰਾਂਝੇ ਦੇ ਪਿਆਰ ਵਿਚ ਰੁਕਾਵਟ ਬਣਦਾ ਹੈ। ਬਾਲ ਨਾਥ ਖ਼ੁਦਾ ਦਾ ਇਕ ਨੇਕ ਬੰਦਾ ਹੈ ਜੋ ਸੱਚਾ ਜੋਗੀ ਹੈ। ਸੈਦਾ ਹੀਰ ਦਾ ਪਤੀ ਹੈ ਜੋ ਸਿੱਧਾ-ਸਾਧਾ ਵਿਅਕਤੀ ਹੈ। ਸਹਿਤੀ ਜੋ ਹੀਰ ਦੀ ਨਨਾਣ ਹੈ ਉਹ ਵੀ ਮੁਰਾਦ ਬਲੋਚ ਨਾਲ ਪਿਆਰ ਕਰਦੀ ਹੈ। ਸਹਿਤੀ ਹੀਰ ਦੀ ਬਹੁਤ ਮਦਦ ਕਰਦੀ ਹੈ। ਮੁਰਾਦ ਜੋ ਕਿ ਸਹਿਤੀ ਦਾਪ੍ਰੇਮੀ ਹੈ ਉਹ ਵੀ ਆਪਣਾ ਸੱਚਾ ਇਸ਼ਕ ਨਿਭਾਉਂਦਾ ਹੈ। ਕਾਜ਼ੀ ਇਸਲਾਮ ਧਰਮ ਉੱਤੇ ਧੱਬਾ ਲਾਉਂਦਾ ਹੈ,ਉਹ ਬੇਈਮਾਨ ਹੈ, ਝੂਠੇ ਨਿਕਾਹ ਪੜ੍ਹਾਉਂਦਾ ਹੈ। ਰਾਜਾ ਅਦਲੀ ਇਨਸਾਫ਼ ਦੀ ਤੱਕੜੀ ਹੈ ਜੋ ਹੀਰ ਰਾਂਝੇ ਨਾਲ ਇਨਸਾਫ਼ ਕਰਦਾ ਹੈ। ਹੀਰ ਅਤੇ ਰਾਂਝੇ ਦੋਨਾਂ ਨੂੰ ਮਿਲਾ ਦਿੰਦਾ ਹੈ।

ਸਾਰਜ
(ਪੰਜਾਬੀ ਖੋਜ ਵਿਦਿਆਰਥੀ)
ਸੀ.ਟੀ. ਯੂਨੀਵਰਸਿਟੀ, ਲੁਧਿਆਣਾ, ਪੰਜਾਬ

**ਪੁਸਤਕ-ਸੂਚੀ**

1. ਕੁਸ਼ਤਾ, ਮੌਲਾ ਬ਼ਖ਼ਸ। (1939)। ਪੰਜਾਬ ਦੇ ਹੀਰੇ (ਸਫ਼ਾ-143)। ਅੰਮ੍ਰਿਤਸਰ:ਸੁਦਰਸ਼ਨ ਪ੍ਰੈਸ ਹਾਲ ਬਾਜ਼ਾਰ।
2. ਕਾਂਗ, ਕੁਲਬੀਰ ਸਿੰਘ। (2005)। ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ(ਸਫ਼ਾ-151)। ਦਿੱਲੀ: ਪੰਜਾਬੀ ਅਕਾਦਮੀ।

3. ਉਹੀ। (2019)। ਹੀਰ ਵਾਰਿਸ ਸ਼ਾਹ (ਮੂਲ ਪਾਠ ਆਧਾਰਿਤ ਜੀਤ ਸਿੰਘ ਸ਼ੀਤਲ) ਪਾਠ ਤੇ ਸਮੀਖਿਆ (ਸਫ਼ਾ85)। ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਊਂਡੇਸ਼ਨ।
4. ਮਠਾੜੂ, ਰਜਵੰਤ ਕੌਰ। ( 1999)। ਪੰਜਾਬੀ ਕਿੱਸਾ ਕਾਵਿ ਵਿਚ ਇਸ਼ਕ ਤੇ ਮੌਤ ਦਾ ਸੰਕਲਪ (ਸਫ਼ਾ- 61,62)। ਲੁਧਿਆਣਾ: ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ।
5. ਸਿੰਘ, ਹਰਕੀਰਤ। (1988)। ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼ (ਸਫ਼ਾ-123)। ਪਟਿਆਲਾ: ਸ਼ਬਦ ਜੋੜ ਕੋਸ਼ ਸੈੱਲ ਪੰਜਾਬੀ ਯੂਨੀਵਰਸਿਟੀ।
6. ਭੋਗਲ, ਪਿਆਰਾ ਸਿੰਘ। (1971)। ਪ੍ਰਸਿਧ ਕਿੱਸਾਕਾਰ (ਸਫ਼ਾ247)। ਜਲੰਧਰ: ਹਿਰਦੇਜੀਤ ਪ੍ਰਕਾਸ਼ਨ।
7. ਕਸੇਲ, ਕਿਰਪਾਲ ਸਿੰਘ ਅਤੇ ਸਿੰਘ, ਪਰਮਿੰਦਰ। (ਸੋਲਵਾਂ ਅਡੀਸ਼ਨ 2015)। ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ (ਸਫ਼ਾ-204)। ਲੁਧਿਆਣਾ: ਲਾਹੌਰ ਬੁੱਕ ਸ਼ਾਪ।
8. ਭੋਗਲ, ਪਿਆਰਾ ਸਿੰਘ। (1971)। ਪ੍ਰਸਿਧ ਕਿੱਸਾਕਾਰ (ਸਫ਼ਾ243)। ਜਲੰਧਰ: ਹਿਰਦੇਜੀਤ ਪ੍ਰਕਾਸ਼ਨ।
9. ਪਟਿਆਲਾ, ਭਾਸ਼ਾ ਵਿਭਾਗ ਪੰਜਾਬ। (1982)। ਕਿੱਸਾ ਕਾਵਿ (ਸਫ਼ਾ80)। ਪਟਿਆਲਾ: ਭਾਸ਼ਾ ਵਿਭਾਗ ਪੰਜਾਬ।
10. ਗੁਮਟਾਲਾ, ਚਰਨਜੀਤ ਸਿੰਘ। (2012)। ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ (ਸਫ਼ਾ183)। ਲੁਧਿਆਣਾ: ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ।
11. ਪੰਜਾਬੀ ਲਾਇਬ੍ਰੇਰੀ। (ਮਿਤੀਹੀਣ)। ਹੀਰ ਵਾਰਿਸ ਸ਼ਾਹ ਗੁਰਮੁੱਖੀ (ਸਫ਼ਾ95)।www.punjabi library.com
12. ਕਾਂਗ, ਕੁਲਬੀਰ ਸਿੰਘ। (2005)। ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ (ਸਫ਼ਾ38)। ਦਿੱਲੀ: ਪੰਜਾਬੀ ਅਕਾਦਮੀ।
13. ਪਟਿਆਲਾ, ਭਾਸ਼ਾ ਵਿਭਾਗ ਪੰਜਾਬ। (1982)। ਕਿੱਸਾ ਕਾਵਿ (ਸਫ਼ਾ27)। ਪਟਿਆਲਾ: ਭਾਸ਼ਾ ਵਿਭਾਗ ਪੰਜਾਬ।